ਸਾਕਾ

ਕਾਮਾਗਾਟਾ ਮਰੂ

ਤੇ

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਬੀ. ਸੀ.

ਕੁਲਵੰਤ ਸਿੰਘ ਨਦੀਮ ਪਰਮਾਰ

“ਜਿਹੜੀਆਂ ਕੌਮਾਂ ਆਪਣੇ ਬਜ਼ੁਰਗਾਂ ਦੇ ਕਾਰਨਾਮੇ ਭੁੱਲ ਜਾਂਦੀਆਂ,

ਰੁਲ਼ ਜਾਂਦੀਆਂ ।”

“ਜਦੋਂ ਚੀਜ਼ਾਂ ਹਮੇਸ਼ਾ ਲਈ ਗਵਾਚ ਜਾਂਦੀਆਂ ਤਾਂ ਉਨ੍ਹਾਂ ਦੀਆਂ ਯਾਦਾਂ, ਖ਼ਾਬ ਦੀ ਨਿਆਈਂ, ਨਾ-ਵਗਦੀ ਸੰਪੂਰਣਤਾ ਧਾਰ ਲੈਂਦੀਆਂ।”

ਦੋ ਸ਼ਬਦ ਇਸ ਲਿਖਤ ਬਾਰੇ

ਕਹਿੰਦੇ ਹਨ, "ਦੁਖਾਂਤ ਦੇ ਅੰਤ ਵਾਲਾ ਵਾਕਿਆ, ਘਟਨਾ ਤੇ ਕਥਾ, ਦਿਲਾਂ 'ਤੇ ਸਦੀਵੀ ਛਾਪ ਛੱਡ ਜਾਂਦੇ ਹਨ।"

'ਕੁਮਾਕਾਤਾ ਮਰੂ' ਦਾ ਸਾਕਾ ਜੋ, ਕਾਮਾਗਾਟਾ ਮਾਰੂ ਦੇ ਨਾਂ ਨਾਲ ਪ੍ਰਚੱਲਤ ਤੇ ਪ੍ਰਸਿੱਧ ਹੈ, ਇਸੇ ਸ਼ਰੇਣੀ ਵਿਚ ਆਉਂਦਾ ਹੈ। ਜਿੰਨਾ ਇਸ ਬਾਰੇ ਪੜ੍ਹਦੇ, ਸੁਣਦੇ ਜਾਂ ਮੂਵੀਆਂ ਰਾਹੀਂ ਦੇਖਦੇ ਹਾਂ, ਓੱਨਾਂ ਹੀ ਦਿਲ ਪਸੀਜਿਆ ਜਾਂਦਾ ਹੈ। ਕਈ ਵਾਰ ਤਾਂ ਦਿਲ ਐਨਾਂ ਗ਼ਮਗੀਨ ਹੋ ਜਾਂਦਾ ਹੈ ਕਿ ਕੁਛ ਕਰਨ ਨੂੰ ਵੀ ਜੀ ਨਹੀਂ ਕਰਦਾ। ਇੱਦਾਂ ਵੀ ਲਗਦਾ ਹੈ ਜਿਵੇਂ, ਦੁਨੀਆਂ ਦਾ ਅੰਤ ਹੋਣ ਵਾਲਾ ਹੈ।

ਤੁਸੀਂ ਕਹੋਂਗੇ ਕਿ ਮੇਰਾ ਇਹ ਪ੍ਰਤੀਕਰਮ ਸ਼ਾਇਦ, ਸਾਡੇ ਨਾਲ ਹੋਏ ਨਸਲਵਾਦੀ ਵਿਤਕਰੇ ਕਾਰਨ ਹੈ। ਨਹੀਂ। ਇਹ ਤਾਂ ਇਕ, ਇਨਸਾਨੀ ਪ੍ਰਵਿਰਤੀ ਕਾਰਨ ਹੈ ਜਿਸ ਨੂੰ ਅਹਿਸਾਸ ਕਿਹਾ ਜਾਂਦਾ ਹੈ।

ਕਾਮਾਗਾਟਾ ਮਰੂ ਦੇ ਮੁਸਾਫਰਾਂ ਨਾਲ, ਨਸਲੀ ਵਿਤਕਰਾ ਤਾਂ ਇਕ ਦਿਖਦਾ ਜਾਂ ਨਜ਼ਰ ਆਉਂਦਾ ਦ੍ਰਿਸ਼ ਸੀ। ਪਰ, ਜੋ ਅਣਦਿੱਖ, ਦੁੱਖ ਪੀੜਾ ਤੇ ਮਲੂਲਤਾ ਉਨ੍ਹਾਂ ਮੁਸਾਫਰਾਂ ਦੇ ਦਿਲਾਂ ਵਿਚ ਸੀ ਉਹ, ਸ਼ਾਇਦ ਹੀ ਕਿਸੇ ਨੂੰ ਦਿਖਾਈ ਦਿੰਦੀ ਸੀ। ਉਹ ਨਿਰਾਸ਼ਾ ਤੇ ਉਦਾਸੀ ਭਰੇ ਚਿਹਰੇ, ਵਲੂੰਦਰ ਹਿਰਦੇ, ਸ਼ਾਇਦ ਹੀ ਉਸ ਸਮੇਂ ਦੇ, ਮੇਜ਼ਬਾਨ ਵੱਡੇ ਭਾਈਚਾਰੇ ਦੇ ਗੋਰੇ ਲੋਕਾਂ ਨੂੰ ਦਿਖਾਈ ਦਿੰਦੇ ਹੋਣਗੇ। ਉਸ ਸਮੇਂ, ਉਹ ਤਾਂ ਉਨ੍ਹਾਂ ਲਈ ***'ਸਰਕਸ'*** ਦਾ ਇਕ ਤਮਾਸ਼ਾ ਹੀ ਸਨ। ਅੱਜ ਵੀ ਅਸੀਂ ਉਨ੍ਹਾਂ ਦਾ ਸਿਰਫ਼, ਕਿਆਸ ਹੀ ਕਰ ਸਕਦੇ ਹਾਂ ਜਾਂ ਮਹਿਸੂਸ ਕਰ ਸਕਦੇ ਹਾਂ, ਆਪਣੇ ਆਪ ਨੂੰ ਉਨ੍ਹਾਂ ਦੀ ਥਾਂ ਖੜ੍ਹੇ ਕਰ ਕੇ ਦੇਖਣ ਤੇ ਸੋਚਣ ਨਾਲ, ਜੇ ਕਿਸੇ ਕੋਲ ਇਸ ਤਰ੍ਹਾਂ ਕਰਨ ਲਈ ਇਹ ਦੋ ਸ਼ਕਤੀਆਂ ਹਨ ਤਾਂ।

ਮੈਂ, ਆਪਣੇ ਵੱਲੋਂ ਇਸ ਯੋਜਨਾ ਵਿਚ, ਆਪਣੀ ਉਮਰ, ਸੂਝ, ਸਿਹਤ ਤੇ ਹਿੰਮਤ ਅਨੁਸਾਰ, ਸੀਮਤ ਸਮੇਂ ਵਿਚ ਜਿੰਨਾ ਕੁ ਯੋਗਦਾਨ ਪਾ ਸਕਦਾ ਸੀ, ਪਾਉਣ ਦਾ ਯਤਨ ਕੀਤਾ ਹੈ। ਮੈਂ ਸ਼ਾਇਦ, ਇਸ ਯੋਜਾਨ ਵਿਚ ਭਾਗ ਨਾ ਹੀ ਲੈਂਦਾ ਜੇ ਕਰ ਮੈਨੂੰ ਇਹ ਚੇਤਾ ਨਾ ਆਉਂਦਾ ਕਿ ਓ ਹੋ! ਇਹ ਤਾਂ ਉਹ ਸਾਕਾ ਹੈ ਜਿਸ ਵਿਚ ਸਾਡੇ ਹੀ ਘਰਾਂ ਦੇ ਇਕ ਬਜ਼ੁਰਗ, ਜਿਨ੍ਹਾਂ ਨੂੰ ਮੈਂ ਆਪਣੇ ਜਦੀ ਪਿੰਡ ਪਾਂਛਟ ਗਲ੍ਹੀ ਵਿਚ ਖੇਡਦਾ, ਥੜ੍ਹੇ 'ਤੇ ਬੈਠਿਆਂ ਦੇਖਦਾ ਹੁੰਦਾ ਸੀ। ਜਾਂ ਇਸ ਘਟਨਾ ਦਾ ਇਕ ਹੋਰ ਮੁਹਰਾ, ਫਗਵਾੜੇ ਵਿਚ ਗਿਆਨੀ ਕਰਤਾਰ ਸਿੰਘ ਮਹਿਲੀ ਤੇ ਮੁਨਸ਼ਾ ਸਿੰਘ 'ਦੁਖੀ' ਜੀ ਨੂੰ, ਜਿਨ੍ਹਾਂ ਤੋਂ ਮੈਂ ਫਗਵਾੜੇ, ਅਕਾਲੀ ਸਿੰਘ ਗੁਰਦੁਆਰੇ, ਕਦੀ ਕਦੀ ਕਵਿਤਾਵਾਂ ਸੁਣਦਾ ਹੁੰਦਾ ਸੀ।

ਮੈਂ ਉਨ੍ਹਾਂ ਸਾਰੇ ਦੋਸਤਾਂ, ਰਿਸ਼ਤੇਦਾਰਾਂ ਤੇ ਮੋਢੀ ਬਜ਼ੁਰਗਾਂ ਦੇ ਪਰਿਵਾਰਾਂ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਨੇ ਮੇਰੀ ਇਸ ਯੋਜਨਾ ਨੂੰ ਨੇਪਰੇ ਚੜ੍ਹਾਉਣ ਵਿਚ ਦਿਲੋਂ ਸਹਾਇਤਾ ਕੀਤੀ।

ਮਖ਼ਲਿਸ

ਕੁਲਵੰਤ ਸਿੰਘ ਨਦੀਮ ਪਰਮਾਰ

ਕਾਮਾਗਾਟਾ ਮਰੂ
ਮੂਲ ਨਾਂ ਦਾ ਉਚਾਰਣ ਤੇ ਵਿਆਖਿਆ

ਕਰੀਬਨ ਪਿੱਛਲੇ ਸੌ ਸਾਲਾਂ ਤੋਂ, ਕਾਮਾਗਾਟਾ ਮਾਰੂ ਸ਼ਬਦਾਂਕ, ਹਿੰਦੋਸਤਾਨ ਕੀ, ਸਾਰੀ ਦੁਨੀਆਂ ਭਰ ਦੇ ਮੁਲਕਾਂ ਵਿਚ ਪਰਚੱਲਤ ਹੀ ਨਹੀ ਸਗੋਂ ਪ੍ਰਸਿੱਧ ਵੀ ਹੈ। ਇਹ ਇਕ ਸਮੁੰਦਰੀ ਜਹਾਜ਼ ਦਾ ਨਾਂ ਜਿਸ ਦਾ ਸੰਬੰਧ 376 ਭਾਰਤੀ ਮੁਸਾਫਰਾਂ ਨਾਲ ਹੈ ਜਿਨ੍ਹਾਂ ਨੂੰ ਕੈਨੇਡਾ ਵਿਚ, ਨਸਲੀ ਵਿਤਕਰੇ ਦੇ ਆਧਾਰ 'ਤੇ, ਕੈਨੇਡਾ ਵਿਚ ਦਾਖ਼ਲ ਹੋਣ ਨਹੀਂ ਸੀ ਦਿੱਤਾ ਗਿਆ। ਤੇ ਜਦੋਂ ਉਹ ਵਾਪਸ ਹਿੰਦੋਸਤਾਨ ਪਰਤੇ ਤਾਂ ਉਨ੍ਹਾਂ ਨੂੰ ਪੁਲੀਸ ਦੀਆਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ ਸੀ।

ਇਹ ਪ੍ਰਚੱਲਤ ਸ਼ਬਦਾਂਕ, ਅੰਗ੍ਰੇਜ਼ੀ ਵਿਚ ਲਿਖੇ ਅੰਗ੍ਰੇਜ਼ੀ ਅੱਖਰਾਂ ਦੇ ਜੋੜ "KOMAGATA MARU" 'ਤੇ ਅਧਾਰਤ ਹੈ।
ਪਰ, ਜਾਪਾਨੀ ਲੋਕ ਇਸ ਨੂੰ ਆਪਣੀ ਬੋਲੀ ਵਿਚ ਇਸ ਤਰ੍ਹਾਂ ਨਹੀਂ ਉਚਾਰਦੇ। ਉਹ ਇਸ ਦਾ ਉਚਾਰਣ 'ਕੋਮਾਕਾਤਾ ਮਰੂ' ਕਰਦੇ ਹਨ।

ਕੋਮਾ ਦਾ ਅਰਥ ਹੈ ਘੋੜਾ
ਕਾਤਾ ਦਾ ਅਰਥ ਹੈ ਸ਼ਕਲ
ਮਰੂ ਦਾ ਅਰਥ ਹੈ 1: ਪੂਰਨ ਤੇ ਠੋਸ ਚੱਕਰ ਜਾਂ ਘੇਰਾ। 2: ਪਾਣੀ ਦਾ ਜਹਾਜ਼
ਇਸ ਤਰ੍ਹਾਂ, 'ਕੋਮਾਕਾਤਾ ਮਰੂ ਦਾ ਅਰਥ ਹੋਏ, "ਘੋੜੇ ਦੀ ਸ਼ਕਲ ਵਰਗਾ ਜਹਾਜ਼।

'ਕੋਮਾਕਾਤਾ' ਕਿਉਂਕਿ ਨਾਂਵ ਹੈ (ਵਿਅਕਤੀਵਾਚਕ ਸੰਗਿਆ) ਇਸ ਲਈ ਜਹਾਜ਼ ਕਿਸੇ ਕੰਪਨੀ, ਸ਼ਹਿਰ ਜਾਂ ਕਸਬਾ, ਪਿੰਡ ਤੇ ਜਗ੍ਹਾ ਦਾ ਵੀ ਹੋ ਸਕਦਾ ਹੈ। ਜਿਵੇਂ-
ਕੁਮਾਕਾਤਾ ਕੰਪਨੀ ਦਾ ਜਹਾਜ਼
ਕੁਮਾਕਾਤਾ ਸ਼ਹਿਰ ਦਾ ਜਹਾਜ਼
ਕੁਮਾਕਾਤਾ ਕਸਬੇ ਜਾਂ ਪਿੰਡ ਦਾ ਜਹਾਜ਼।

'ਵਿੱਕੀ ਪੀਡਿਆ' ਅਨੁਸਾਰ, ਇਸ ਨੂੰ, "ਕੋਮਾਕਾਤਾ ਮਰੂ ਦਾ ਜਹਾਜ਼" ਹੀ ਆਖਿਆ ਜਾਂਦਾ ਹੈ। ਕਿਉਂਕਿ, ਜਾਪਾਨ ਵਿਚ ਕੋਮਾਕਾਤਾ ਨਾਂ ਦੀਆਂ ਬਹੁਤ ਥਾਵਾਂ ਹਨ। ਇਸ ਲਈ ਕਿਹਾ ਨਹੀਂ ਜਾ ਸਕਦਾ ਕਿ ਜਹਾਜ਼ ਦਾ ਨਾਂ ਕਿਸ ਥਾਂ ਨਾਲ ਸੰਬੰਧਤ ਹੈ ਜਾਂ ਕਿਸ ਥਾਂ ਪਿੱਛੇ ਇਸ ਦਾ ਨਾਂ ਰੱਖਿਆਂ ਗਿਆ ਸੀ।
ਜਾਪਾਨ ਵਿਚ, ਕੋਮਾਕਾਤਾ ਨਾਂ ਦੀਆਂ ਦੋ ਬਹੁਤ ਪ੍ਰਸਿੱਧ ਥਾਵਾਂ ਹਨ।
1: ਟੋਕੀਓ ਵਿਚ 'ਕੋਮਾਕਾਤਾ' ਨਾਂ ਦਾ ਸ਼ਹਿਰ
2: ਸਿਨਸੋਜੀ ਮੰਦਰ ਦਾ ਕੋਮਾਕਾਤਾ-ਦੂ ਹਾਲ ਤੇ ਇਸ ਦੇ ਆਲੇ ਦੁਆਲੇ ਦਾ ਇਲਾਕਾ।

ਮੇਰੇ ਵਿਚਾਰ ਵਿਚ ਇਸ ਜਹਾਜ਼ ਦਾ ਨਾਂ, ਸਿਨਸੋਜੀ ਮੰਦਰ ਦੇ ਕੋਮਾਕਾਤਾ-ਦੂ ਹਾਲ ਦੇ ਆਧਾਰ 'ਤੇ ਹੀ ਰੱਖਿਆ ਗਿਆ ਲਗਦਾ ਹੈ ਕਿਉਂਕਿ, 19ਵੀਂ ਤੇ 20ਵੀ ਸਦੀ ਦੇ ਮੁਢਲੇ ਸਾਲਾਂ ਵਿਚ ਦੁਨੀਆਂ ਭਰ ਵਿਚ, ਹਰ ਗੱਲ ਤੇ ਹਰ ਕੰਮ ਵਿਚ ਧਰਮਾਂ ਦਾ ਬਹੁਤ ਪ੍ਰਭਾਵ ਤੇ ਦਖ਼ਲਅੰਦਾਜ਼ੀ ਸੀ।

ਕੁਲਵੰਤ ਸਿੰਘ ਨਦੀਮ ਪਰਮਾਰ

ਖਾਲਸਾ ਦੀਵਾਨ ਸੁਸਾਇਟੀ ਦਾ ਸੰਖੇਪ ਇਤਿਹਾਸ

ਸ਼ੁਰੂ ਵਿਚ 'ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ' ਦਾ ਨਾਂ, 'ਦੀ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ' ਰੱਖਿਆ ਗਿਆ ਜੋ 'ਚੀਫ਼ ਖਾਲਸਾ ਦੀਵਾਨ' ਦੇ ਆਧਾਰ 'ਤੇ ਘੜਿਆ ਗਿਆ ਲਗਦਾ ਹੈ।

1883 ਵਿਚ ਅੰਮ੍ਰਿਤਸਰ ਵਿਚ, ਲਾਹੌਰ ਤੇ ਅੰਮ੍ਰਿਤਸਰ ਦੀ 'ਸਿੰਘ ਸਭਾ' ਵੱਲੋਂ, 'ਖਾਲਸਾ ਦੀਵਾਨ' ਨਾਂ ਦੀ ਇਕ ਸਾਂਝੀ ਜੱਥੇਬੰਦੀ ਬਣਾਈ ਗਈ। ਜਿਸਦਾ ਉਦੇਸ਼: *ਸਿੱਖਾਂ ਦੇ ਹੱਕਾਂ ਦੀ ਰਾਖੀ ਕਰਨਾ, ਡਿਗਦੀ ਸਾਖ ਨੂੰ ਰੋਕਣਾ ਤੇ ਸਿੱਖਾਂ ਦੀ ਸ਼ੁੱਧਤਾ ਤੇ ਚੜ੍ਹਦੀ ਕਲਾ ਕਾਇਮ ਰੱਖਣਾ ਸੀ।*

ਇਸ ਉਦੇਸ਼ ਨੂੰ ਨੇਪਰੇ ਚਾੜ੍ਹਨ ਲਈ, 'ਸਿੰਘ ਸਭਾ' ਲਹਿਰ ਚਲਾਈ ਗਈ।

ਸਥਾਨਿਕ ਜੱਥੇਬੰਦੀਆਂ ਵਿਚ ਤਾਲ ਮੇਲ ਰੱਖਣ ਲਈ, 30 ਅਕਤੂਬਰ 1902 ਨੂੰ ਅੰਮ੍ਰਿਤਸਰ ਵਿਚ ਇਕ ਭਾਰੀ ਇਕੱਠ ਹੋਇਆ। ਇਸ ਵਿਚ "ਚੀਫ਼ ਖਾਲਸਾ ਦੀਵਾਨ" ਜੱਥੇਬੰਦੀ ਹੋਂਦ ਵਿਚ ਆਈ ਜਿਸ ਨੂੰ 9 ਜੁਲਾਈ 1904 ਨੂੰ, 1869 ਦੇ ਸੁਸਾਇਟੀ ਐਕਟ ਦੇ ਤਹਿਤ ਰਾਜਿਸਟਰ ਕਰਵਾਇਆ ਗਿਆ। ਇਸ ਦੇ ਚਾਰ ਮੁੱਖ ਲਕਸ਼ ਮਿੱਥੇ ਗਏ:-

- ਸਿੱਖ ਭਾਈਚਾਰੇ ਨੂੰ ਸਮਾਜਕ, ਆਰਥਕ ਤੇ ਨੈਤਿਕ ਤੌਰ 'ਤੇ ਉੱਚਾ ਚੁਕਣਾ।
- ਸਿੱਖੀ ਅਸੂਲਾਂ ਦਾ ਸੰਸਾਰ ਭਰ 'ਚ ਪ੍ਰਚਾਰ ਕਰਨਾ।
- ਅਗਿਆਨਤਾ ਤੇ ਅਣਪੜ੍ਹਤਾ ਨੂੰ ਦੂਰ ਕਰਨਾ।
- ਸਿੱਖਾਂ ਦੇ ਰਾਜਨੀਤਕ ਤੇ ਸਮਾਜਿਕ ਹੱਕਾਂ ਦੀ ਵਿਧਾਨ ਅਨੁਸਾਰ ਰੱਖਿਆ ਕਰਨੀ।

ਦੀ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੀ ਪਿੱਠ ਭੂਮੀ ਬਾਰੇ ਇਤਿਹਾਸਕਾਰ ਇਸ ਤਰ੍ਹਾਂ ਲਿਖਦੇ ਹਨ।

1904 ਵਿਚ ਅਰਜਨ ਸਿੰਘ, ਪਿੰਡ ਮਲਕ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ ਕੈਨੇਡਾ ਵਿਚ ਆਏ। ਉਹ ਆਪਣੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਏ। ਪੋਰਟ ਮੂਡੀ ਵਿਚ ਰਿਹਾਇਸ਼ ਰੱਖੀ। ਉਹ ਆਪਣੇ ਨਾਲ ਇਕੱਠੇ ਕੰਮ ਕਰਦੇ ਹਮ-ਵਤਨਾਂ ਦੇ ਇਕ ਜੱਥੇ ਦੇ ਆਗੂ ਬਣ ਗਏ। ਉੱਥੇ ਹੀ ਮਿਲ ਕੇ ਉਹ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਰਹੇ।

1906 ਵਿਚ ਉਹ ਵੈਨਕੂਵਰ ਆ ਗਏ। 1900 ਬਲੌਕ 3 ਵੈਸਟ ਐਵੀਨਿਊ 'ਤੇ, ਇਕ ਮਕਾਨ ਕਰਾਏ 'ਤੇ ਲਿਆ। ਇਸ ਦਾ ਕਰਾਇਆ 32 ਡਾਲਰ ਮਹੀਨਾ ਸੀ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਉੱਥੇ ਰੱਖ ਦਿੱਤੀ।

ਇੱਥੇ, ਹਫ਼ਤੇ ਦੇ ਅੰਤ 'ਤੇ *ਸਿੱਖ, ਮੁਸਲਮਾਨ ਤੇ ਹਿੰਦੂ* ਸ਼ਰਧਾਲੂ ਇਕੱਠੇ ਹੁੰਦੇ। ਆਪਣੇ ਦੁੱਖ, ਤਕਲੀਫ਼ਾਂ ਤੇ ਔਕੜਾਂ ਸਾਂਝੀਆਂ ਕਰਦੇ ਤੇ ਇਨ੍ਹਾਂ ਨੂੰ ਦੂਰ ਕਰਨ ਦੇ ਯਤਨਾਂ ਬਾਰੇ ਵਿਚਾਰ ਕਰਦੇ। ਇਸ ਪਿੱਠ ਭੂਮੀ ਵਿੱਚੋਂ, 22 ਜੁਲਾਈ 1906 ਨੂੰ ਇਕ ਇਕੱਠ ਹੋਇਆ। ਜਿਸ ਵਿਚ, "ਦੀ ਖਾਲਸਾ ਦੀਵਾਨ ਸੁਸਾਇਟੀ" ਬਣਾਉਣ ਦਾ ਮਤਾ ਪਾਸ ਕੀਤਾ ਗਿਆ। ਜਿਸ ਨੂੰ 13 ਮਾਰਚ 1909 ਨੂੰ ਰਜਿਸਟਰ ਕਰਵਾਇਆ ਗਿਆ। ਰਜਿਸਟਰੇਸ਼ਨ ਦੀ ਅਰਜ਼ੀ, 1866 ਸੈਕੰਡ ਐਵੀਨਿਓ ਵੈਸਟ, ਵੈਨਕੂਵਰ 'ਤੇ ਗੁਰਦੁਆਰਾ ਸਥਾਪਤ ਹੋਣ ਤੋਂ ਬਾਅਦ ਦਿੱਤੀ ਗਈ। ਰਜਿਸਟਰੇਸ਼ਨ ਦੀ ਦਰਖਾਸਤ ਇਸ ਪ੍ਰਕਾਰ ਸੀ: (ਉਲੱਥਾ)

"ਅਸੀਂ, ਸੇਵਾ ਸਿੰਘ ਹੀਪ'ਸ ਮਿੱਲ ਵੈਨਕੂਵਰ ਬ੍ਰਿਟਿਸ਼ ਕੁਲੰਬੀਆ ਤੇ ਭੋਲਾ ਸਿੰਘ ਵੈਨਕੂਵਰ ਨਵਾਸੀ ਉਕਤ ਕਹੇ ਸੂਬੇ ਦੇ, ਐਲਾਨ ਕਰਦੇ ਹਾਂ ਕਿ ;-

1: ਵਿਉਂਤੀ ਨਿਗਮੀ ਜੱਥੇਬੰਦੀ ਦਾ ਨਾਂਅ ਹੈ, "ਦੀ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ"

2: ਹੇਠ ਲਿਖੇ ਵਿਅਕਤੀ ਇਸ ਦੇ ਅਮਾਨਤੀ ਜਾਂ ਕਾਰਜਕਾਰੀ ਅਹੁਦੇਦਾਰ ਹਨ-

ਭਾਈ ਸੇਵਾ ਸਿੰਘ	*ਪ੍ਰਧਾਨ*
ਭਾਈ ਭਾਗ ਸਿੰਘ	*ਪਹਿਲਾ ਸਕੱਤਰ ਤੇ ਖਜਾਨਚੀ*
ਭਾਈ ਭੋਲਾ ਸਿੰਘ	*ਦੂਜਾ ਸਕੱਤਰ ਤੇ ਅਕਾਉਂਟੈਂਟ*

3: ਉਕਤ ਦੱਸੇ ਅਹੁਦੇਦਾਰਾਂ ਦੇ ਨਾਲ ਬਿਸ਼ਨ ਸਿੰਘ ਤੇ ਛੋਟਾ ਭੋਲਾ ਸਿੰਘ (Junior) ਰਲ ਕੇ, ਸੁਸਾਇਟੀ ਦੀ ਬਤੌਰ ਕਾਰਜ-ਕਾਰਣੀ ਕਮੇਟੀ ਦੇ ਕੰਮ ਕਰਨਗੇ ਜਦੋਂ ਤਕ ਸੁਸਾਇਟੀ ਦਾ ਸਲਾਨਾ ਇਕੱਠ ਨਹੀਂ ਹੁੰਦਾ।
4: ਸੁਸਾਇਟੀ ਦਾ ਸਲਾਨਾ ਇਕੱਠ, ਹਰ ਸਾਲ, ਅਪਰੈਲ ਦੇ ਪਹਿਲੇ ਐਤਵਾਰ ਨੂੰ ਕੀਤਾ ਜਾਵੇਗਾ ਜਾਂ ਉਸ ਸਮੇਂ ਜੋ, ਕਿਸੇ ਆਮ ਇਕੱਠ ਵਿਚ, ਬਹੁਗਿਣਤੀ ਮੈਂਬਰਾਂ ਦੀਆਂ ਵੋਟਾਂ ਨਾਲ ਨਿਸਚਿਤ ਕੀਤਾ ਹੋਇਆ ਹੋਵੇਗਾ।
5: ਸਲਾਨਾ ਇਕੱਠ ਵਿਚ, ਸੁਸਾਇਟੀ ਦੇ ਮੈਂਬਰਾਂ ਵਿੱਚੋਂ, ਪੰਜ ਕਾਰਜ-ਕਾਰਣੀ ਕਮੇਟੀ ਦੇ ਮੈਂਬਰ ਚੁਣੇ ਜਾਣਗੇ ਤੇ ਇਸ ਕਾਰਜ-ਕਾਰਣੀ ਕਮੇਟੀ ਵਿੱਚੋਂ ਤਿੰਨ ਮੈਂਬਰ, ਪ੍ਰਧਾਨ ਤੇ ਪਹਿਲੇ ਦੋ ਸਕੱਤਰ ਤੇ
6: ਕਾਰਜ-ਕਾਰਣੀ ਕਮੇਟੀ, ਲੋੜ ਅਨੁਸਾਰ, ਉਪਕਮੇਟੀ ਤੇ ਵਧੀਕ ਉਹੁਦੇਦਾਰ ਨਯੁਕਤ ਕਰ ਸਕਦੀ ਹੈ।
7: ਸੁਸਾਇਟੀ ਦੇ ਕੰਮ-ਕਾਰਾਂ ਦਾ ਪ੍ਰਬੰਧ, ਉਨ੍ਹਾਂ ਤੋਂ ਬਾਹਰੇ, ਜੋਕਿ ਇੱਥੇ ਵਿਸ਼ੇਸ਼ ਤੌਰ 'ਤੇ ਦਰਜ ਤੇ ਕਾਰਜ-ਕਾਰਣੀ ਕਮੇਟੀ ਨੂੰ ਸੌਂਪੇ ਗਏ ਹਨ, ਕਰ ਸਕਦੀ ਹੈ। ਉਨ੍ਹਾਂ ਸਾਰੇ ਅਧੀਕਾਰਾਂ ਦੇ ਨਾਲ ਉਨ੍ਹਾਂ ਅਧਿਕ ਅਧੀਕਾਰਾਂ ਦੀ ਵਰਤੋਂ ਤੇ ਉਹ ਸਾਰੀਆਂ ਕਾਰਵਾਈਆਂ ਜਾਂ ਚੀਜ਼ਾਂ ਵੀ ਕਰ ਸਕਦੀ ਹੈ ਜੋਕਿ ਸੁਸਾਇਟੀ ਦੇ ਵਿਸ਼ੇ ਤੇ ਉਪਨਿਯਮਾਂ ਅਨੁਸਾਰ ਸੁਸਾਇਟੀ ਨੇ ਕਰਨੇ ਹੋਣ, ਜੋ ਸਮੇਂ ਸਮੇਂ ਸਿਰ ਸੁਸਾਇਟੀ ਦੇ ਮੈਂਬਰਾਂ ਵੱਲੋਂ ਕਿਸੇ ਵੀ ਇਕੱਠ ਵਿਚ, ਉਪਨਿਯਮਾਂ ਦੀ ਮਰਯਾਦਾ ਅਨੁਸਾਰ ਬੰਨ੍ਹੇ ਜਾਂ ਤਬਦੀਲ ਕੀਤੇ ਗਏ ਹੋਣ।
8: ਸੁਸਾਇਟੀ ਨੂੰ, ਕਿਸੇ ਆਮ ਇਕੱਠ ਵਿਚ, ਸੁਸਾਇਟੀ ਦੇ ਬਹੁਗਿਣਤੀ ਦੇ ਮੈਂਬਰਾਂ ਦੁਆਰਾ, ਬਹੁਗਿਣਤੀ ਵੋਟਾਂ ਨਾਲ ਪਾਸ ਕੀਤੇ ਮਤੇ ਨਾਲ ਭੰਗ ਵੀ ਕੀਤਾ ਜਾ ਸਕਦਾ।
9: ਸੁਸਾਇਟੀ ਦੇ ਮੁੱਖ ਲਕਸ਼/ ਆਦੇਸ਼ ਹਨ-
ੳ: ਬ੍ਰਿਟਿਸ਼ ਕੁਲੰਬੀਆ ਤੇ ਹੋਰਨਾਂ ਥਾਹੀਂ, ਸਿੰਖ ਧਰਮ ਦੇ ਸੇਵਾਦਾਰ ਜਾਂਪ੍ਰਚਾਰਕ ਸਥਾਪਤ ਕਰਨੇ।
ਅ: ਬ੍ਰਿਟਿਸ਼ ਕੁਲੰਬੀਆ ਤੇ ਹੋਰਨਾਂ ਥਾਹੀਂ, ਬਿਖਰੇ ਭਾਈਚਾਰੇ ਦੀ ਲੋੜਾਂ ਅਨੁਸਾਰ, ਸਿੱਖ ਧਰਮ ਦੇ ਪ੍ਰਚਾਰਿਕ ਜਾਂ ਦੂਤ ਸਥਾਪਤ ਕਰਨੇ।
ੲ: 'ਸਿੱਖ ਟੈਂਪਲ' (ਗੁਰਦੁਆਰੇ) ਦਾ ਕਾਰੋਬਾਰ ਚਲਾਉਣਾ ਜੋ ਹੁਣ, 1866 ਸੈਕੰਦ ਐਵੀਨਿਊ ਵੈਸਟ, ਵੈਨਕੂਵਰ ਤੇ ਬਣ ਚੁਕਿਆ ਹੈ।

ਹਸਤਾਖਰ
ਸੇਵਾ ਸਿੰਘ

ਉਕਤ ਦਰਖਾਸਤ ਵਿਚ ਉੱਕਰੇ ਲਕਸ਼ਾਂ ਨੂੰ ਆਦੇਸ਼ ਤੇ ਨਿਯਮਾਂ ਨੂੰ ਵਿਧਾਨ ਮੰਨਿਆਂ ਗਿਆ। ਜਿਸ 'ਤੇ ਪ੍ਰਧਾਨ ਸੇਵਾ ਸਿੰਘ ਨੇ, "ਦੀ ਖਾਲਸਾ ਦੀਵਾਨ ਸੁਸਾਇਟੀ' (ਕੈਨੇਡਾ ਦੀ ਡੋਮਿਨੀਅਨ, ਤਹਿਸੀਲ ਵੈਨਕੂਵਰ, ਸੂਬਾ ਬ੍ਰਿਟਿਸ਼ ਕੁਲੰਬੀਆ) ਦੇ ਮਾਮਲੇ ਵਿਚ, "ਬੀਨੈਵਓਲੈਂਟ ਸੁਸਾਇਟੀਜ਼ ਐਕਟ ਐਂਡ ਅਮੈਂਨਡਿੰਗ ਐਕਟ ('Benevolent Societies Act' and 'Amending Act) ਦੇ ਕਮਿਸ਼ਨਰ ਸਾਹਮਣੇ, 13 ਮਾਰਚ 1909 ਨੂੰ ਇਕ ਹਲਫ਼ੀਆ ਬਿਆਨ ਦੀ ਸੂਰਤ ਵਿਚ ਦਸਤਖਤ ਕਰ ਕੇ ਮਨਜ਼ੂਰ ਕਰਵਾ ਲਿਆ ਸੀ।
ਨੋਟ: ਬਾਅਦ ਵਿਚ ਸੁਸਾਇਟੀ ਦਾ ਨਾਂਅ, 'ਦੀ' ਹਟਾ ਕੇ "ਖਾਲਸਦਾ ਦੀਵਾਨ ਸੁਸਾਇਟੀ, ਕਰ ਦਿੱਤਾ ਗਿਆ।

1909 ਤੋਂ ਲੈ ਕੇ 2010 ਤਕ, 91 ਕਮੇਟੀਆਂ ਬਣ ਚੁੱਕੀਆਂ ਹਨ। 2004 ਤੋਂ ਲੈ ਕੇ 2010 ਤਕ ਦੀਆਂ ਕਮੇਟੀਆਂ ਦਾ ਵੇਰਵਾ ਇਸ ਪ੍ਰਕਾਰ ਹੈ-

2004 ਤੋਂ 2007 ਤਕ

ਅਹੁਦਾ	ਨਾਂ
ਪ੍ਰਧਾਨ	ਗੁਰਦੀਪ ਸਿੰਘ ਗਿੱਲ
ਸੀਨੀਅਰ ਮੀਤ-ਪ੍ਰਧਾਨ	ਰਣਜੀਤ ਸਿੰਘ ਗਿੱਲ
ਜਨਰਲ ਸਕੱਤਰ	ਸਰਵਣ ਸਿੰਘ ਰੰਧਾਵਾ
ਮੀਤ ਸਕੱਤਰ	ਕੁਲਵੰਤ ਸਿੰਘ ਪੁਆਰ
ਰਿਕੌਰਡਿੰਗ ਸਕੱਤਰ	ਮੇਜਰ ਸਿੰਘ ਥਿੰਦ
ਮੀਤ ਰਿਕੌਰਡਿੰਗ ਸਕੱਤਰ	ਮੇਜਰ ਸਿੰਘ ਸਿੱਧੂ
ਖ਼ਜ਼ਾਨਚੀ	ਕੁਲਦੀਪ ਸੰਘ ਥਾਦੀ
ਸੀਨੀਅਰ ਮੀਤ-ਖ਼ਜ਼ਾਨਚੀ	ਗੁਬੱਖਸ਼ ਸਿੰਘ ਬੱਲ
ਮੀਤ ਮੀਤ-ਖ਼ਜ਼ਾਨਚੀ	ਸੁਜੀਤ ਸਿੰਘ ਕਲਸੀ

ਮੈਂਬਰ	ਚਰਨਜੀਤ ਸਿੰਘ ਬਰਾੜ
ਮੈਂਬਰ	ਰਾਜਿੰਦਰ ਸਿੰਘ ਦੁਸਾਂਝ
ਮੈਂਬਰ	ਜੁਗਿੰਦਰ ਸਿੰਘ ਸੁੰਨਰ
ਮੈਂਬਰ	ਸੋਹਣ ਸਿੰਘ
ਮੈਂਬਰ	ਕਸ਼ਮੀਰਾ ਸਿੰਘ ਧਾਲੀਵਾਲ
ਮੈਂਬਰ	ਗੁਰਪਾਲ ਸਿੰਘ ਵਿਰਕ
ਮੰਬਰ	ਜਰਨੈਲ ਸਿੰਘ ਭੰਡਾਲ (ਸਾਬਕਾ ਪ੍ਰਧਾਨ)

2007 ਤੋਂ 2011 ਤਕ

ਓਹਦਾ	ਨਾਂ
ਪ੍ਰਧਾਨ	ਕਸ਼ਮੀਰ ਸਿੰਘ ਧਾਲੀਵਾਲ
ਸੀਨੀਅਰ ਮੀਤ-ਪ੍ਰਧਾਨ	ਕੇਸਰ ਸਿੰਘ ਭੱਟੀ
ਮੀਤ-ਪ੍ਰਧਾਨ	ਗੁਪਾਲ ਸਿੰਘ ਵਿਰਕ
ਜਨਰਲ ਸਕੱਤਰ	ਜੁਗਿੰਦਰ ਸਿੰਘ ਸੁੰਨਰ
ਮੀਤ ਜਨਰਲ ਸਕੱਤਰ	ਧਿਆਨ ਸਿੰਘ ਬਾਂਸਲ
ਰਿਕੌਰਡਿੰਗ ਸਕੱਤਰ	ਰਣਜੀਤ ਸਿੰਘ ਹੇਅਰ
ਮੀਤ ਰਿਕੌਰਡਿੰਗ ਸਕੱਤਰ	ਕਸ਼ਮੀਰ ਸਿੰਘ ਰਿਸੋਡਾ
ਖ਼ਜ਼ਾਨਚੀ	ਕੁਲਦੀਪ ਸਿੰਘ ਥਾਂਦੀ
ਸੀਨੀਅਰ ਮੀਤ-ਖ਼ਜ਼ਾਨਚੀ	ਰਾਜਿੰਦਰ ਸਿੰਘ ਦੁਸਾਂਝ (ਸਵਰਗੀਏ)
ਮੀਤ-ਖ਼ਜ਼ਾਨਚੀ	ਸੁਖਵਿੰਦਰ ਸਿੰਘ ਗਿੱਲ
ਮੈਂਬਰ	ਰਣਬੀਰ ਸਿੰਘ ਮੰਝ
ਮੈਂਬਰ	ਗੁਰਬਖਸ਼ ਸਿੰਘ ਬੱਲ
ਮੈਂਬਰ	ਸੋਹਣ ਸਿੰਘ
ਮੈਂਬਰ	ਬੂਝਾ ਸਿੰਘ ਮਾਂਗਟ
ਮੈਂਬਰ	ਕਸ਼ਮੀਰਾ ਸਿੰਘ
ਮੈਂਬਰ	ਗੁਰਦੀਪ ਸਿੰਘ ਗਿੱਲ (ਸਾਬਕਾ ਪ੍ਰਧਾਨ)

ਸੰਤ ਤੇਜਾ ਸਿੰਘ ਜੀ ਅਕਤੂਬਰ 1908 ਵਿਚ ਵੈਨਕੂਵਰ ਆਏ। ਉਨ੍ਹਾਂ ਗੁਰਦੁਆਰਾ ਚਲਾਉਣ ਲਈ ਕੁਝ ਖਾਸ ਕਾਰਜਕਾਰੀ ਨਿਯਮ ਬਣਾਏ ਜੋ ਇਸ ਸੁਸਾਇਟੀ ਦੇ ਵਿਧਾਨ ਦੇ ਮੁਢਲੇ ਅਸੂਲ ਬਣੇ।

ਦੀ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੀਆਂ ਹੋਰ ਬਰਾਂਚਾਂ।

1908 ਵਿਚ, 'ਦੀ ਖਾਲਸਾ ਦੀਵਾਨ ਸੁਸਾਇਟੀ, ਵਿਕਟੋਰੀਆ' ਸਥਾਪਤ ਹੋਈ ਜੋ 1915 ਵਿਚ ਇਸ ਦੀ ਸ਼ਾਖਾ ਬਣੀ।
1910 ਵਿਚ, 'ਦੀ ਖਾਲਸਾ ਦੀਵਾਨ ਸੁਸਾਇਟੀ, ਐਬਟਸਫੋਰਡ ਦੀ ਨੀਂਹ ਰੱਖੀ ਗਈ।
1911 ਵਿਚ, 'ਦੀ ਖਾਲਸਾ ਦੀਵਾਨ ਸੁਸਾਇਟੀ, ਨਿਊਵੈਸਟ ਮਿਨਸਟਰ, ਇਸ ਦੀ ਬ੍ਰਾਂਚ ਬਣੀ।
ਨੋਟ: 1919 ਜੁਲਾਈ ਇਕ ਨੂੰ, ਪਾਲਦੀ ਗੁਰਦੁਆਰੇ ਦਾ ਉਦਘਾਟਣ ਵੀ ਭਾਵੇਂ 'ਦੀ ਖਾਲਸਾ ਦੀਵਾਨ ਸੁਸਾਇਟੀ, ਪਾਲਦੀ' ਦੇ ਨਾਂਅ ਹੇਠ ਹੀ ਕੀਤਾ ਗਿਆ ਸੀ ਪਰ, ਇਹ ਸੁਸਾਇਟੀ, ਦੀ ਖਾਲਸਾ ਦੀਵਾਨ ਸੁਸਾਇਟੀ ਸ਼ਾਖ ਕਦੀ ਨਾ ਬਣੀ।

ਸਮੇਂ ਸਮੇਂ ਸਿਰ ਵਿਧਾਨ ਵਿਚ ਕੀਤੀਆਂ ਤਰਮੀਮਾਂ

7 ਫਰਵਰੀ 1915 ਦੀ ਆਮ ਮੀਟਿੰਗ ਵਿਚ 'ਦੀ ਖਾਲਸਾ ਦੀਵਾਨ ਸੁਸਾਇਟੀ' ਜਾਂ ਇਸ ਦੀ ਕਿਸੇ ਸ਼ਾਖਾ ਦਾ, ਜਾਇਦਾਦ ਸੰਬੰਧੀ ਕੰਮ ਕਾਰ ਤੇ ਕਾਰੋਬਾਰ ਚਲਾਉਣ ਦੇ ਪ੍ਰਬੰਧਕ ਅਸੂਲਾਂ ਤੇ ਨਿਯਮਾਂ ਵਿਚ ਤਰਮੀਮ ਕੀਤੀ ਗਈ ਜੋ ਗਿਣਤੀ ਵਿਚ 51 ਸਨ। ਇਨ੍ਹਾਂ 'ਤੇ ਪ੍ਰਧਾਨ ਅਮਰ ਸਿੰਘ, ਸਕੱਤਰ ਗੋਪਾਲ ਸਿੰਘ ਨੇ ਤੇ ਕਮੇਟੀ ਮੈਂਬਰ ਗੁਰਦਿੱਤ ਸਿੰਘ ਨੇ, 12 ਫਰਵਰੀ ਨੂੰ ਦਸਤਖਤ ਕੀਤੇ ਤੇ 23 ਫਰਵਰੀ 1915 ਨੂੰ ਵਿਕਟੋਰੀਆ ਵਿਖੇ ਦਰਜ ਕਰਵਾਏ ਗਏ। ਇਨ੍ਹਾਂ 51 ਤਰਮੀਮਾਂ ਦਾ ਮੂਲ ਮੁੱਦਾ, ਮੈਂਬਰਸ਼ਿੱਪ, ਮੈਂਬਰਾਂ ਦਾ ਵੋਟ ਪਾਉਣੀ, ਆਦੇਸ਼, ਇਕੱਠ ਕਰਨੇ, ਮੀਟਿੰਗਾਂ ਚਲਾਉਣੀਆਂ, ਅਹੁਦੇਦਾਰਾਂ ਆਦਿ ਨਾਲ ਸੰਬੰਧਤ ਸਨ। ਜਿਵੇਂ -

ਮੈਂਬਰਸ਼ਿੱਪ

- ਸੁਸਾਇਟੀ ਦੇ ਮੈਂਬਰ ਸਰਗਰਮ ਤੇ ਸਹਿਯੋਗੀ ਹੋਣਗੇ।
- ਸਰਗਰਮ ਮੈਂਬਰ ਇਕ ਡਾਲਰ ਪ੍ਰਤਿ ਮਹੀਨਾ ਸੁਸਾਇਟੀ ਦੇ ਆਮ ਫੰਡ ਲਈ ਦੇਣਗੇ।
- ਸਹਿਯੋਗੀ 50 ਸੈਂਟ ਪ੍ਰਤੀ ਮਹੀਨਾ ਦੇਣਗੇ।
- ਸਿਰਫ਼ ਸਰਗਰਮ ਮੈਂਬਰ ਹੀ ਆਮ, ਖਾਸ, ਸਾਲਾਨਾ ਜਾਂ ਸਧਾਰਣ ਮੀਟਿੰਗਾਂ ਵਿਚ ਵੋਟ ਪਾਉਣ ਦੇ ਹੱਕਦਾਰ ਹੋਣਗੇ ਬਸ਼ਰਤੇਕਿ, ਉਨ੍ਹਾਂ ਨੇ ਆਪਣਾ ਪੂਰਾ ਚੰਦਾ, ਇਨ੍ਹਾਂ ਮੀਟਿੰਗਾਂ ਤੋਂ, ਕਮ ਸੇ ਕਮ ਇਕ ਦਿਨ ਪਹਿਲਾਂ ਦੇ ਦਿੱਤਾ ਹੋਵੇ।
- ਕਾਰਜਕਾਰੀ ਕਮੇਟੀ, ਸੁਸਾਇਟੀ ਦੇ ਸਰਗਰਮ ਜਾਂ ਸਹਿਯੋਗੀ ਮੈਂਬਰਸ਼ਿੱਪ ਲਈ ਦਿੱਤੀ ਦਰਖਾਸਤ ਨਾ-ਮਨਜ਼ੂਰ ਕਰਨ ਦਾ ਹੱਕ ਰੱਖਦੀ ਹੈ।
- ਕਮੇਟੀ ਕਿਸੇ ਸਰਗਰਮ ਮੈਂਬਰ ਦੇ ਉਚੇਰੇ ਹੱਕ ਸਹਿਯੋਗ ਮੈਂਬਰ ਦੇ ਉਚੇਰੇ ਹੱਕਾਂ ਵਿਚ ਵਟਾ ਸਕਦੀ ਹੈ।
- ਕਿਸੇ ਵੀ ਮੀਟਿੰਗ ਬੁਲਾਉਣ ਲਈ ਮੈਂਬਰਾਂ ਨੂੰ ਸੱਤ ਦਿਨ ਦਾ ਅਗਾਉ ਨੋਟਿਸ ਦੇਣਾ ਲਾਜ਼ਮੀ ਹੈ।
- ਕੋਈ ਵੀ ਕਾਰ ਵਿਹਾਰ ਚਲਾਉਣ ਲਈ 25 ਮੈਂਬਰਾਂ ਦਾ ਕੋਰਮ ਹੋਣਾ ਲਾਜ਼ਮੀ ਹੈ।
- ਕਾਰਜਕਾਰੀ ਕਮੇਟੀ, ਹਰ ਤਿੰਨਾਂ ਮਹੀਨਿਆਂ ਬਾਅਦ ਮੀਟਿੰਗ ਕਰੇਗੀ ਜੋ - 1866 ਸੈਕੰਡ ਐਵੀਨਿਊ ਵੈੱਸਟ, ਵੈਨਕੂਵਰ ਜਾਂ ਹੋਰ ਕਿਤੇ ਨਿਸਚਿਤ ਕੀਤੀ ਥਾਂ 'ਤੇ ਹੋਵੇਗੀ।
- ਜੇ ਕਰ ਕੋਈ ਹੋਰ ਸੁਸਾਇਟੀ ਇਸ ਸੁਸਾਇਟੀ ਵਿਚ ਰਲਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣੇ ਸਾਰੇ ਹੱਕ ਤੇ ਉਚੇਰੇ ਅਧੀਕਾਰ 'ਦੀ ਖਾਲਸਾ ਦੀਵਾਨ ਸੁਸਾਇਟੀ' ਨੂੰ ਸਮਰਪਣ ਕਰਨੇ ਹੋਣਗੇ।

ਨਾਂਅ ਵਿਚ ਤਬਦੀਲੀ

13 ਜੁਲਾਈ 1924 ਨੂੰ, ਇਕ ਅਸਧਾਰਨ ਮਤੇ ਦੇ ਨਾਲ, ਇਸ ਸੁਸਾਇਟੀ ਦੇ ਨਾਂ ਅੱਗੇ ਲੱਗੀ 'ਦੀ' ਨੂੰ ਹਟਾ ਕੇ ਇਸ ਦਾ ਨਾਂ, "ਖਾਲਸਾ ਦੀਵਾਨ ਸੁਸਾਇਟੀ' ਕਰ ਦਿੱਤਾ ਗਿਆ।
ਇਸੇ ਮਤੇ ਦੇ ਅਧੀਨ ਸੁਸਾਇਟੀ ਨੇ ਅੱਗੇ ਤੋਂ, ਕਮੇਟੀ ਦੀ ਚੋਣ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਨ ਦੀ ਥਾਂ 'ਤੇ ਪਹਿਲੀ ਅਪਰੈਲ ਨੂੰ ਕਰਨ ਦਾ ਫ਼ੈਸਲਾ ਕਰ ਲਿਆ।

ਮਹੀਨੇ ਵਾਰ ਚੰਦੇ ਦੇ ਦਰ ਵਿਚ ਕਟੌਤੀ

14 ਫਰਵਰੀ 1932 ਨੂੰ, ਮੰਦਵਾੜੇ ਕਾਰਨ, ਇਕ ਅਸਧਾਰਨ ਮਤੇ ਅਨੁਸਾਰ, ਮਹੀਨੇ ਵਾਰ ਚੰਦੇ ਦੀ ਦਰ $1.00 ਨੂੰ 50 ਸੈਂਟ ਤੇ 50 ਸੈਂਟ ਨੂੰ 25 ਸੈਂਟ ਕਰਨ ਦਾ ਨਿਰਨਾ ਲਿਆ ਗਿਆ। ਇਹ ਸਿਰਫ 1932 ਲਈ ਹੀ ਕੀਤਾ ਗਿਆ ਸੀ।
19 ਫ਼ਰਵਰੀ 1932 ਨੂੰ, ਕਾਰਜਕਾਰੀ ਕਮੇਟੀ ਦੇ ਮੈਂਬਰਾਂ ਕੋਲੋਂ ਇਕ ਡਾਲਰ ਤੇ ਬਾਕੀ ਮੈਂਬਰਾਂ ਕੋਲੋਂ 25 ਸੈਂਟ ਪ੍ਰਤੀ ਮਹੀਨਾ ਅਵੱਸ਼ ਦੇਣ ਦੀ ਮੰਗ ਕੀਤੀ ਗਈ। (ਦੇਖੋ ਤਰਮੀਮ #53)

19 ਫ਼ਰਵਰੀ 1933 ਨੂੰ ਖਾਲਸਾ ਦੀਵਾਨ ਸੁਸਾਇਟੀ ਦੇ ਵਿਧਾਨ ਵਿਚ ਕੁਝ ਹੋਰ ਮੱਦਾਂ ਜੋੜ ਕੇ ਤਰਮੀਮਾਂ ਕੀਤੀਆਂ ਗਈਆਂ ਜਿਨ੍ਹਾਂ ਨਾਲ ਮੱਦਾਂ ਦੀ ਗਿਣਤੀ 58 ਹੋ ਗਈ। ਇਨ੍ਹਾਂ ਨਾਲ ਇਹ ਸ਼ਰਤ ਵੀ ਰੱਖੀ ਗਈ ਕਿ ਜੇਕਰ; 1 ਤੋਂ 51 ਅਤੇ 52 ਤੋਂ 58 ਵਿਚ ਕਿਧਰੇ ਕੋਈ ਵਿਰੋਧ ਜਾਂ ਵਖਰੇਵਾਂ ਹੋਵੇ ਤਾਂ ਨਵੀਆਂ ਮੱਦਾਂ ਨੂੰ ਸਹੀ ਮੰਨਿਆਂ ਜਾਵੇ। ਇਹ ਮੱਦਾਂ, ਪ੍ਰਧਾਨ ਦਸੌਂਧਾ ਸਿੰਘ ਤੇ ਸਕਤਰ ਕੇਹਰ ਸਿੰਘ ਗਿੱਲ ਦੇ ਹਸਤਾਖਰਾਂ ਹੇਠ ਰਾਜਿਸਟਰ ਕਰਵਾਈਆਂ ਗਈਆਂ।
52 ਤੋਂ 58 ਮੱਦਾਂ ਦਾ ਉਲੱਥਾ ਇਸ ਪ੍ਰਕਾਰ ਹੈ-
52:- ਹਰ ਵਿਅਕਤੀ ਜੋ, ਦੱਸ ਸਿੱਖ ਗੁਰੂਆਂ ਦੇ ਉਪਦੇਸ਼ ਤੇ ਅਗਵਾਈ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਜ਼ਾਤੀ ਰਹਿਨੁਮਾ ਤੇ ਗੁਰੂ ਮੰਨਦਾ ਹੈ, ਸੁਸਾਇਟੀ ਦਾ ਮੈਂਬਰ ਬਣ ਸਕਦਾ ਹੈ।
53:- ਹਰ ਮੈਂਬਰ ਨੂੰ 25 ਸੈਂਟ ਅਤੇ ਕਾਰਜਕਾਰੀ ਕਮੇਟੀ ਦੇ ਮੈਂਬਰ ਨੂੰ ਇਕ ਡਾਲਰ ਮਹੀਨੇ ਵਾਰ ਚੰਦਾ ਦੇਣਾ ਹੋਵੇਗਾ।
54:- ਚੋਣ ਸਮੇਂ ਅਤੇ ਦੂਸਰੇ ਮੌਕਿਆਂ 'ਤੇ ਜਦੋਂ ਕਿਤੇ ਖ਼ਾਸ ਮੁਆਮਲੇ ਤਹਿ ਕੀਤੇ ਜਾਣ, ਸਿਰਫ਼, ਉਹ ਮੈਂਬਰ ਹੀ ਵੋਟ ਪਾ ਸਕਦਾ ਹੈ ਜਿਸ ਨੇ ਬਾਰਾਂ ਮਹੀਨਿਆਂ ਦਾ ਚੰਦਾ ਦੇ ਦਿੱਤਾ ਹੋਵੇ। ਅਰਥਾਤ, ਸਿਰਫ਼ ਉਹ ਹੀ ਸਾਲਾਨਾ ਚੋਣ ਇਕੱਠ 'ਤੇ ਵੋਟ ਪਾ ਸਕਦਾ ਹੈ ਜਿਸ ਨੇ ਪੂਰੇ ਸਾਲ ਦਾ ਚੰਦਾ ਦੇ ਦਿੱਤਾ ਹੋਵੇ।
55:- ਜਿਸ ਸਾਲ ਵਿਚ ਕਿਸੇ ਮੈਂਬਰ ਨੇ ਬਾਰਾਂ ਮਹੀਨੇ ਦਾ ਚੰਦਾ ਨਾ ਦਿੱਤਾ ਹੋਵੇ, ਉਹ ਵੋਟ ਪਾਉਣ ਦਾ ਹੱਕਦਾਰ ਨਹੀਂ ਹੋਵੇਗਾ। ਅਗਰ ਉਹ ਪੂਰਾ ਚੰਦਾ ਦੇ ਦਿੰਦਾ ਹੈ ਤਾਂ ਉਸ ਨੇ ਵੋਟ ਦਾ ਹੱਕ ਪ੍ਰਾਪਤ ਕਰ ਲਿਆ ਹੈ।
56:- ਜਦੋਂ ਕਿਤੇ ਕੋਈ ਮੈਂਬਰ ਬਾਹਰ ਗਿਆ ਹੋਵੇ ਜਾਂ ਕਿਸੇ ਹੋਰ ਕਾਰਨ, ਬਾਰਾਂ ਮਹੀਨੇ ਦਾ ਆਪਣਾ ਚੰਦਾ ਨਾ ਦੇ ਸਕਿਆ ਹੋਵੇ, ਇਸ ਹਾਲਤ ਵਿਚ ਅਤੇ ਉਹ ਕਿਸੇ ਸਾਲ ਵੋਟ ਪਾਉਣ ਦਾ ਇਛੱਕ ਹੈ ਤਾਂ ਉਹ ਵੋਟਾਂ ਦੀ ਤਾਰੀਕ ਤੋਂ ਪਹਿਲਾਂ, ਆਪਣਾ ਬਾਰਾਂ ਮਹੀਨੇ ਦਾ ਚੰਦਾ ਦੇ ਕੇ ਵੋਟ ਪਾ ਸਕਦਾ ਹੈ ।
57:- ਕਾਰਜਕਾਰੀ ਕਮੇਟੀ ਨੂੰ, ਆਮ ਇਕੱਠ ਕੀਤੇ ਬਿਨਾ ਗੁਰਦੁਆਰੇ ਦੀ ਜਾਇਦਾਦ ਵੇਚਣ, ਪਟੇ 'ਤੇ ਦੇਣ ਜਾਂ ਰਹਿਨ ਰੱਖਣ ਦਾ ਕੋਈ ਅਧੀਕਾਰ ਨਹੀਂ। ਮੈਂਬਰ ਇਹ ਕਾਰਜ ਸਿਰਫ਼ ਆਮ ਇਕੱਠ ਵਿਚ ਹੀ ਕਰ ਸਕਦੇ ਹਨ।
58:- ਖਾਲਸਾ ਦੀਵਾਨ ਸੁਸਾਇਟੀ ਦਾ ਢਾਂਚਾ ਤੇ ਦੀਵਾਨ ਦੀ ਹੋਂਦ, ਉੱਨਾਂ ਚਿਰ ਚਲਦੇ ਰੱਖੀ ਜਾਵੇ ਜਦੋਂ ਤਕ ਕਿ ਬ੍ਰਿਟਿਸ਼ ਕੁਲੰਬੀਆ ਵਿਚ ਭਾਵੇਂ 40 ਸਿੱਖ ਹੀ ਕਿਉਂ ਨਾ ਰਹਿ ਜਾਣ। ਬਹੁਗਿਣਤੀ ਵੋਟ, ਉਕਤ ਧਾਰਾ ਦੇ ਉਲਟ ਕੋਈ ਕਾਰਵਾਈ ਨਹੀਂ ਹਰ ਸਕਦੀ। ਅਤੇ ਜੇ ਕਰ ਕਿਤੇ ਗੁਰਦੁਆਰਾ ਬੰਦ ਕਰਨਾ ਪਵੇ, ਨਕਦੀ ਤੇ ਜਾਇਦਾਦ ਦੀ ਮਾਲਕੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਜਾਬ, ਇੰਡੀਆ ਨੂੰ ਪਰਤਾ ਦਿੱਤੀ ਜਾਵੇ ਤੇ ਇਹ ਕਹੀ ਜਾਇਦਾਦ ਅਤੇ ਨਕਦੀ ਕਿਸੇ ਹੋਰ ਮਕਸਦ ਲਈ ਨਹੀਂ ਵਰਤੀ ਜਾ ਸਕਦੀ। ਸਾਰੇ ਇਕੱਠ ਵੱਲੋਂ, ਸਰਬ-ਸੰਮਤੀ ਤੇ ਸਖ਼ਤ ਜ਼ੋਰ ਦੇ ਕੇ ਇਹ ਵੀ ਕਿਹਾ ਗਿਆ ਕਿ ਕਿਸੇ ਆਗਾਮੀ ਤਿੱਥੀ ਨੂੰ ਇਸ ਮੱਦ ਨੂੰ ਨਾ ਬਦਲਣ ਦਾ ਵਿਸ਼ਾ ਵੀ ਬਣਾਇਆ ਜਾਵੇ ਕਿਉਂਕਿ ਬਹੁਤੇ ਮੈਂਬਰਾਂ ਵਿਚ ਉਹ ਵੀ ਰਲੇ ਹੋਣਗੇ ਜੋ ਗੁਰੂਆਂ ਦੇ ਦਰਸਾਏ ਅਸੂਲਾਂ ਦੀ ਪੈਰਵੀ ਨਾ ਕਰਦੇ ਹੋਏ ਜਾਇਦਾਦ ਨੂੰ ਕਿਸੇ ਹੋਰ ਮਕਸਦ ਲਈ ਵਰਤ ਲੈਣ।

ਮਦ #58 ਦਾ ਬਦਲਨਾ

18 ਜੂਨ 1933 ਨੂੰ, ਖਾਲਸਾ ਦੀਵਾਨ ਸੁਸਾਇਟੀ ਦੇ ਮੈਂਬਰਾਂ ਦਾ ਇਕ ਅਸਧਾਰਨ ਆਮ ਇਕੱਠ, ਸੁੱਚਾ ਸਿੰਘ ਪ੍ਰਧਾਨ ਤੇ ਸਕੱਤਰ ਮਿੱਤ ਸਿੰਘ ਦੀ ਅਗਵਾਈ ਵਿਚ ਬੁਲਾਇਆ ਗਿਆ ਜਿਸ ਵਿਚ ਫਰਵਰੀ 1933 ਦੀ ਮੱਦ # 58 ਨੂੰ, ਜਿਸ ਦਾ ਸੰਬੰਧ ਗੁਰਦੁਆਰੇ ਦੀ

ਜਾਇਦਾਦ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਕਰ ਦੇਣ ਨਾਲ ਸੀ, ਰੱਦ ਕਰ ਦਿੱਤਾ ਗਿਆ।

ਨਵੇਂ ਵਿਧਾਨ ਦੀ ਸਿਰਜਣਾ

28 ਸਤੰਬਰ 1969 ਨੂੰ, ਖਾਲਸਾ ਦੀਵਾਨ ਸੁਸਾਇਟੀ ਦੇ ਮੈਂਬਰਾਂ ਦਾ, ਵਿਧਾਨ ਦੀਆਂ ਮੱਦਾਂ ਅਨਸਾਰ, 1866 ਸੈਕੰਡ ਐਵੇਨਿਓ ਵੈਸਟ, ਵੈਨਕੂਵਰ ਵਿਖੇ ਇਕ ਆਮ ਇਕੱਠ ਬੁਲਾਇਆ ਗਿਆ, ਜਿਸ ਵਿਚ ਸਾਰਾ ਵਿਧਾਨ ਨਵੇਂ ਸਿਰਿਓਂ ਲਿਖ ਕੇ ਰਜਿਸਟਰ ਕਰਵਾਉਣ ਦਾ ਫੈਸਲਾ ਲੈ ਕੇ ਮਤਾ, ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਜਿਸ ਨੂੰ, 30 ਨਵੰਬਰ 1970 ਵਿਚ ਪ੍ਰਧਾਨ ਗੁਰਦੇਵ ਸਿੰਘ ਗਿੱਲ; ਸਕੱਤਰ ਐਮ. ਐਸ. ਗਿੱਲ; ਖਜ਼ਾਨਚੀ ਬਖਸ਼ੀਸ਼ ਸਿੰਘ ਤੇ ਛੇ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਦੇ ਹਸਤਾਖਰਾਂ ਹੇਠ (Registration certificate #216) ਰਜਿਸਟਰ ਕਰਵਾਇਆ ਗਿਆ। (ਵਿਧਾਨ ਦੇ ਵਿਸਥਾਰ ਪੂਰਵਿਕ ਪਾਠ ਲਈ ਦੇਖੋ 'ਖਾਲਸਾ ਦੀਵਾਨ ਸੁਸਾਇਟੀ ਦੇ ਵਿਧਾਨ ਦੀ ਕਾਪੀ) ਧਿਆਨ ਯੋਗ ਦੋ ਨੁਕਤੇ ---

- ਧਾਰਾ 1. ਨਾਂ "ਸਭਾ ਦਾ ਨਾਂ (ਅੱਜ ਤੋਂ ਅੱਗੇ ਚੱਲ ਕੇ, 'ਦੀ ਸੁਸਾਇਟੀ') 'ਖਾਲਸਾ ਦੀਵਾਨ ਸੁਸਾਇਟੀ' ਹੋਵੇਗਾ।"
- ਧਾਰਾ 2: ਟੀਚੇ ਤੇ ਉਦੇਸ਼ ਦੀ ਮੱਦ #4: "8000 ਰੌਸ ਸਟਰੀਟ, ਵੈਨਕੂਵਰ ਵਿਖੇ ਸਥਿੱਤ ਸਿੱਖ ਗੁਰਦੁਆਰੇ ਵੈਨਕੂਵਰ ਦੇ ਮਾਮਲਿਆਂ ਦੀ ਦੇਖ ਭਾਲ ਕਰਨੀ।"

5 ਦਸੰਬਰ 1971 ਨੂੰ ਇਕ ਅਸਧਾਰਨ ਮਤਾ ਪਾਸ ਕੀਤਾ ਗਿਆ ਜਿਸ ਵਿਚ, ਸੈਕਸ਼ਨ 3 ਦੇ ਕਾਂਡ 11 ਨੂੰ ਇਸ ਪ੍ਰਕਾਰ ਬਦਲ ਦਿੱਤਾ ਗਿਆ, "ਜਿਹੜਾ ਮੈਂਬਰ, ਕਮੇਟੀ ਦੇ ਮਾਲੀ ਸਾਲ ਦੌਰਾਨ 25 ਡਾਲਰ ਦੀ ਰਾਸ਼ੀ ਦਾ ਚੰਦਾ ਨਹੀਂ ਦੇਵੇਗਾ, ਵੋਟ ਪਾਉਣ ਤੇ ਕੋਈ ਅਹੁਦਾ ਸੰਭਾਲਣ ਦਾ ਹੱਕਦਾਰ ਨਹੀਂ ਹੋ ਸਕਦਾ।"

27 ਜੂਨ 1975 ਵਿਚ ਪ੍ਰਧਾਨ ਸੁਰਜੀਤ ਸਿੰਘ ਗਿੱਲ ਅਤੇ ਕਮੇਟੀ ਨੇ ਵਿਧਾਨ ਵਿਚ ਫਿਰ ਤਰਮੀਮ ਕੀਤੀ ਜੋ 17 ਨਵੰਬਰ 1975 ਨੂੰ, 'ਸੁਪ੍ਰੀਮ ਕੋਰਟ ਔਫ਼ ਬ੍ਰਿਟਿਸ਼ ਕੁਲੰਬੀਆ' ਦੇ ਮਾਣਯੋਗ ਜੱਜ ਮਿਸਟਰ ਕਰੇਗ ਨੇ ਰੱਦ ਕਰ ਦਿੱਤੀ।

27 ਜਨਵਰੀ 1977 ਨੂੰ ਪ੍ਰਧਾਨ ਅਵਤਾਰ ਸਿੰਘ ਗੋਸਲ ਨੇ ਵਿਧਾਨ ਵਿਚ ਤਰਮੀਮ ਕੀਤੀ ਜਿਸ ਦੀ ਬਿਨਾ 'ਤੇ ਕਮੇਟੀ ਦੀ ਚੋਣ 'ਬੈਲਟ ਪੇਪਰ ਨਾਲ ਕਰਵਾਈ ਜਾਣੀ ਕਰਾਰਦਾਦ ਪਾਈ ਗਈ।

30 ਦਸੰਬਰ 1979 ਨੂੰ ਪ੍ਰਧਾਨ ਬਿੱਕਰ ਸਿੰਘ ਢਿੱਲੋਂ ਦੀ ਅਗਵਾਈ ਹੇਠ, ਸੁਸਾਇਟੀ ਦੇ ਵਿਧਾਨ ਵਿਚ, ਮੈਂਬਰਸ਼ਿੱਪ ਦੀ ਧਾਰਾ ਵਿਚ ਇਕ ਤਰਮੀਮ ਕੀਤੀ ਗਈ। ਸੁਸਾਇਟੀ ਦਾ ਮੈਂਬਰ ਬਣਨ ਲਈ ਇਕ ਮੈਂਬਰਸ਼ਿੱਪ ਫਾਰਮ ਬਣਾਇਆ ਗਿਆ ਜਿਸਨੂੰ ਭਰ ਕੇ, ਬਿਨਾ ਫੀਸ ਦਿੱਤਿਆਂ ਕੋਈ ਵੀ ਵਿਅਕਤੀ ਮੈਂਬਰ ਬਣ ਸਕਦਾ ਹੈ।

27 ਦਸੰਬਰ 1980 ਨੂੰ ਇਕ ਹੋਰ ਤਰਮੀਮ ਰਾਹੀ ਮੈਂਬਰਸ਼ਿੱਪ ਫਾਰਮ ਵਿਚ ਤਬਦੀਲੀ ਕੀਤੀ ਗਈ ਜਿਸ ਦੀ ਬਿਨਾ 'ਤੇ-
1: ਕਾਂਡ 11 ਦਾ ਸੈਕਸ਼ਨ 1 ਤੇ 2 ਖਾਰਜ ਕਰ ਦਿੱਤੇ ਗਏ।

2: ਕਾਂਡ 9 ਦਾ ਸੈਕਸ਼ਨ 1 ਨੂੰ, ਜੋ 27 ਜਨਵਰੀ 1977 ਨੂੰ ਇਕ ਅਸਧਾਰਨ ਮਤਾ # 10 ਅਧੀਨ ਤਬਦੀਲ ਕੀਤਾ ਗਿਆ ਸੀ, ਖਾਰਜ ਕਰ ਕੇ ਉਸਦੀ ਥਾਂ ਇਕ ਘੋਸ਼ਣਾ ਪੱਤਰ ਪਾਇਆ ਗਿਆ ਜਿਸ ਤੇ ਮੈਂਬਰ ਬਣਨ ਵਾਲਾ ਦਸਤਖਤ ਕਰ ਕੇ ਮੈਂਬਰ ਬਣ ਸਕਦਾ ਹੈ।

18 ਅਕਤੂਬਰ 1981 ਵਿਚ, ਗੁਰਦੇਵ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ, ਵਿਧਾਨ ਵਿਚ ਇਕ ਤਰਮੀਮ ਕੀਤੀ ਗਈ ਜਿਸ ਦੀ ਬਿਨਾ 'ਤੇ ਗੁਰਦੁਆਰੇ ਵਿਚ ***ਸਿਰ ਢੱਕ ਕੇ*** ਆਉਣਾ ਲਾਜ਼ਮੀ ਕਰਾਰ ਦਿੱਤਾ ਗਿਆ।

ਇਸ ਉਪਰੰਤ 30 ਸਤੰਬਰ 1982 ਨੂੰ ਪ੍ਰਧਾਨ ਦਲਜੀਤ ਸਿੰਘ ਸੰਧੂ ਦੇ ਦਸਤਖਾਂ ਹੇਠ ਲੈਂਡ ਡੀਲ ਹੋਈ।

31 ਦਸੰਬਰ 1983 ਨੂੰ ਮੋਤਾ ਸਿੰਘ ਝੀਤਾ ਨੇ ਸੁਸਾਇਟੀ ਦੇ ਉਦੇਸ਼ਾਂ ਤੇ ਟੀਚਿਆਂ ਵਿਚ ਤਰਮੀਮ ਕਰਵਾਈ।

15 ਫਰਵਰੀ 1986 ਨੂੰ, ਪ੍ਰਧਾਨ ਜੋਗਿੰਦਰ ਸਿੰਘ ਸਿੱਧੂ ਦੇ ਦਸਤਖਾਂ ਹੇਠ ਮੈਂਬਰਸ਼ਿੱਪ ਫਾਰਮ ਅੰਗ੍ਰੇਜ਼ੀ ਅਤੇ ਪੰਜਾਬੀ, ਦੋਹਾਂ ਬੋਲੀਆਂ ਵਿਚ ਛਾਪਣਾ ਕਰਾਰ ਪਾਇਆ ਤੇ ਫੋਟੋ ਸ਼ਨਾਖ਼ਤ ਲਈ 1: ਪਾਸਪੋਰਟ, ਜਾਂ ਡਰਾਈਵਰ ਲਾਈਸੰਸ, ਜਾਂ ਸਟੀਜ਼ਨਸਿੱਪ ਵਿੱਚੋਂ ਕਿਸੇ ਇਕ ਦਾ ਹੋਣਾ ਲਾਜ਼ਮੀ ਕਰਾਰ ਦਿੱਤਾ ਗਿਆ।

ਅੰਤ, 30 ਅਕਤੂਬਰ 1993 ਨੂੰ ਨਵਾਂ ਵਿਧਾਨ ਪਾਸ ਕੀਤਾ ਗਿਆ। ਜੋ ਕੁਝ ਤਰਮੀਮਾਂ ਨਾਲ ਹੁਣ ਤਕ ਲਾਗੂ ਹੈ।

ਸੁਸਾਇਟੀ ਦਾ ਆਰਥਿਕ ਢਾਂਚਾ

ਅਰੰਭ ਵਿਚ, ਸੁਸਾਇਟੀ ਦੀ ਆਮਦਨ, ਚੰਦੇ ਤੇ ਚੜ੍ਹਾਵੇ 'ਤੇ ਨਿਰਭਰ ਸੀ। ਸਿਰਫ਼ ਆਮਦਨ ਅਤੇ ਖਰਚ ਦਾ ਹਿਸਾਬ ਰੱਖਿਆ ਜਾਂਦਾ ਸੀ। ਜਿਸ ਦੀ ਪੜਤਾਲ *ਸਨਦੀ ਪੜਤਾਲੀਏ* ਹਰ ਸਾਲ ਦੇ ਅੰਤ ਵਿਚ ਕਰਦੇ ਸਨ। ਆਮਦਨ ਨਾਲੋਂ ਘੱਟ ਖਰਚ ਨੂੰ ਧਿਆਨ ਵਿਚ ਰੱਖਿਆ ਜਾਂਦਾ ਸੀ। ਆਮਦਨ ਦੇ ਵੱਧਣ ਨਾਲ, ਖਰਚਿਆਂ ਵਿਚ ਵੀ ਵਾਧਾ ਆ ਗਿਆ। ਜੋ ਹੇਠਲੇ ਚਾਰਟ ਤੋਂ ਦੇਖਿਆ ਜਾ ਸਕਦਾ ਹੈ। ਵੈਸੇ ਵੀ ਉਨ੍ਹੀ ਦਿਨੀਂ, ਖਰਚੇ ਘੱਟ ਹੀ ਸਨ। ਜਿਵੇਂ, ਲੰਗਰ, ਬਿਜਲੀ, ਹੀਟ, ਪਾਣੀ, ਦਫਤਰ ਦੇ ਖਰਚੇ, ਫੋਨ ਦਾ ਬਿੱਲ, ਧਾਰਮਿਕ ਕਿਤਾਬਾਂ ਆਦਿ।

ਸਾਲ	ਆਮਦਨ	ਖਰਚ
1923	$ 10,424.58	$ 9,014.76
1931	$ 17,413.56	$ 7,837.94
1969	$ 28,123.22	$ 18,883.26
1974	$ 100,924.10	$ 99,815.94
1996	$ 2,863, 645.00	$2,980,291.00
----	----	----
2007	$1,300,934.00	$1,028,160.00
2008	$1,240,642.00	$1.016,681.00

ਕਿਹਾ ਜਾਂਦਾ ਕਿ, ਭਾਰਤੀਆਂ ਦੀ, ਘਟਦੀ ਵੱਧਦੀ ਜਨਸੰਖਿਆ ਅਤੇ ਕੰਮਾਂ-ਕਾਰਾਂ ਵਿਚ ਮੰਦੇ ਕਾਰਨ, ਸੁਸਾਇਟੀ ਦੀ ਆਮਦਨ ਵੀ ਘਟਦੀ ਵੱਧਦੀ ਰਹੀ ਹੈ। ਪਰ, ਭਾਰਤੀਆਂ ਦੀ ਦਾਨ ਦੇਣ ਦੀ ਪ੍ਰਵਿਰਤੀ ਸਦਾ ਹੀ ਜਗਦੀ ਰਹੀ ਤੇ ਇਸ ਦਾ ਕੋਈ ਸਾਨੀ ਨਹੀਂ। ਸਨ 2007 ਵਿਚ ਸੁਸਾਇਟੀ ਦੀ ਮਲਕੀਅਤ ਕੋਈ ਛੇ ਮਲੀਅਨ ਡਾਲਰ ਤੋਂ ਉੱਤੇ ਦੀ ਸੀ।

ਖਾਲਸਾ ਦੀਵਾਨ ਸੁਸਾਇਟੀ ਨੇ ਆਪਣੀ ਮਾਤ-ਭੂਮੀ ਦਾ ਤਿਹ ਕਦੀ ਨਹੀਂ ਤਿਆਗਿਆ। ਜਦੋਂ ਵੀ ਕਦੀ ਭਾਰਤੀ ਗੁਰਦੁਆਰਿਆਂ ਵਿਚ ਮੋਰਚਾ ਲੱਗਾ ਜੱਥਾ ਭੇਜਿਆ। ਭਾਰਤ ਵਿਚ ਕੋਈ ਭੁਚਾਲ ਆਇਆ ਕਾਲ ਪਿਆ ਜਾਂ ਭਾਰਤੀਆਂ ਨੂੰ ਆਰਥਿਕ ਸਹਾਇਤਾ ਦੀ ਲੋੜ ਪਈ, ਸੁਸਾਇਟੀ ਨੇ ਕਦੀ ਵੀ ਪਿੱਠ ਨਹੀਂ ਦਿਖਾਈ। ਸਦਾ ਹੀ ਮਾਇਆ ਨਾਲ ਸਹਾਇਤਾ ਕੀਤੀ। ਜਿਵੇਂ, 1914 ਵਿਚ ਯੂ. ਪੀ. ਵਿਚ ਪਏ ਕਹਿਤ ਲਈ ਬਣੀ ਕਮੇਟੀ ਲਈ ਚੰਦਾ ਇਕੱਤਰ ਕੀਤਾ।
ਕਮੇਟੀ ਦੇ ਮੈਂਬਰਾਂ ਦੇ ਨਾਉਂ ਇਸ ਪ੍ਰਕਾਰ ਹਨ। ਮੁਹੰਮਦ ਅਕਬਰ, ਭਾਈ ਉਮਰਾਓ ਸਿੰਘ, ਭਾਈ ਗੰਗਾ ਸਿੰਘ, ਭਾਈ ਮੀਹਾਂ ਸਿੰਘ, ਲਾਲਾ ਹਰਨਾਮ ਚੰਦ, ਭਾਈ ਰਾਜਾ ਸਿੰਘ , ਭਾਈ ਨੱਥਾ ਸਿੰਘ, ਭਾਈ ਰਤਨ ਸਿੰਘ ਸਕੱਤਰ, ਲਾਲਾ ਸੋਹਣ ਲਾਲ। (ਮਈ 1, 1914 ਹਿੰਦੋਸਤਾਨੀ)

ਖਾਲਸਾ ਦੀਵਾਨ ਸੁਸਾਇਟੀ ਨੇ ਹੋਰ ਸਾਰੀਆਂ ਸਿੱਖ ਸੁਸਾਇਟੀਆਂ ਨੂੰ ਇਕ ਥਾਂਹ ਜੋੜਨ ਲਈ ਸਰੇਸ਼ ਦਾ ਕੰਮ ਕੀਤਾ। ਇਹ ਇਕ ਕੇਂਦਰੀ ਧੁਰਾ ਰਹੀ ਜਿਸ ਨੇ ਸਿੱਖਾਂ ਨੂੰ ਆਪਣੇ ਨਾਲ ਜੋੜੀ ਰੱਖਿਆ। ਸਿੱਖਾਂ ਦੀ ਹਰ ਥਾਂ ਤੇ ਮੌਕੇ 'ਤੇ ਅਗਵਾਈ ਕੀਤੀ। ਖਾਲਸਾ ਦੀਵਾਨ ਸੁਸਾਇਟੀ ਮੁਲਕ ਵਿਚ ਸਭ ਤੋਂ ਪੁਰਾਣੀ ਤੇ ਹਰ ਸਭਾ-ਮੰਡਲੀ ਤੋਂ ਅੱਗੇ ਹੋਣ ਕਰਕੇ ਬਾਕੀ ਸੁਸਾਇਟੀਆਂ ਤੋਂ ਬਹੁਤ ਮੂਹਰੇ ਹੈ। ਇਸ ਦੀ ਆਵਾਜ਼ ਹਰ ਥਾਂ ਸੁਣੀ ਜਾਂਦੀ ਹੈ।

ਧਾਰਮਿਕ ਕਾਰਜ

ਦਰ ਅਸਲ ਅਰੰਭ ਵਿਚ, ਧਾਰਮਿਕ ਸੇਵਾ ਹੀ ਇਸ ਸੁਸਾਇਟੀ ਦਾ ਮੁੱਖ ਆਦੇਸ਼ ਤੇ ਆਧਾਰ ਸੀ।

- 19 ਜਨਵਰੀ 1908 ਨੂੰ ਸੁਸਾਇਟੀ ਨੇ , ਸੈਕੰਡ ਐਵੀਨੀਊ ਵੈਨਕੂਵਰ 'ਤੇ ਗੁਰਦੁਆਰੇ ਦੀ ਸਥਾਪਣਾ ਕੀਤੀ ਜੋ ਉਸ ਵੇਲੇ ਦੇ ਸਿੱਖਾਂ ਕੋਲੋਂ, ਮਸਾਂ ਗੁਜ਼ਾਰਾ ਕਰਨ ਜੋਗੀ ਆਮਦਨੀ ਵਿੱਚੋਂ, ਦਾਨ ਲੈ ਕੇ ਤਿਆਰ ਕੀਤਾ ਗਿਆ ਸੀ।
- 1918 ਵਿਚ ਕੈਲੇਫੋਰਨੀਆਂ ਦੀਵਾਨ ਸੁਸਾਇਟੀ ਦੀ $2,000 ਨਾਲ ਫੌਰੀ ਮਦਦ ਕੀਤੀ।
- ਸੁਸਾਇਟੀ ਵੱਲੋਂ ਕਰਾਇਆ ਰੱਖ ਕੇ ਹਿੰਦੋਸਤਾਨ ਤੋਂ ਗਰੰਥੀ ਮੰਗਵਾਇਆ ਗਿਆ। ਇਵੇਂ ਹੀ ਕੀਰਤਨੀਏਂ ਜੱਥੇ ਤੇ ਸਿੱਖ ਪਰਚਾਰਕ ਵੀ ਬੁਲਾਏ ਗਏ। ਇਹ ਮਰਯਾਦਾ ਹਾਲੇ ਵੀ ਜਾਰੀ ਹੈ। ਸੁਸਾਇਟੀ ਦੀ ਵਹੀ ਅਨੁਸਾਰ ਸੁਸਾਇਟੀ ਨੇ 1921 ਤਕ ਕੋਈ ਡੇਢ੍ਹ ਲੱਖ ਦੇ ਕਰੀਬ ਡਾਲਰ, ਹਿੰਦੋਸਤਾਨ ਵਿਚ, ਧਾਰਮਿਕ ਤੇ ਵਿੱਦਿਅਕ ਅਦਾਰਿਆ ਨੂੰ ਬਤੌਰ ਇਮਦਾਦ ਦਿੱਤੇ ਹਨ।
- 1910 ਵਿਚ 200 ਡਾਲਰ ਨਾਲ ਸਿੱਖ ਕੱਨਿਆਂ ਮਹਾਵਿਦਿਆਲਾ ਫੀਰੋਜ਼ਪੁਰ ਦੀ ਸਹਾਇਤਾ ਕੀਤੀ।
- 1921 ਵਿਚ ਹੀ ਸੁਸਾਇਟੀ ਨੇ ਸ਼੍ਰੀ ਨਨਕਾਣਾ ਸਾਹਿਬ ਸ਼ਹੀਦੀ ਫੰਡ ਇਕੱਠਾ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਭੇਜਿਆ।
- 1922 ਵਿਚ ਗੁਰੂ ਕਾ ਬਾਗ ਮੋਰਚੇ ਵਿਚ ਜ਼ਖ਼ਮੀ ਹੋਏ ਸਿੱਖਾਂ ਲਈ ਫੰਡ ਇਕਤਰ ਕਰ ਕੇ ਭੇਝਿਆ। ਇਸਾਈ ਪਾਦਰੀ, ਸੀ. ਐੱਫ਼. ਐਂਡਰਿਊ ਨੂੰ, ਜਿਸ ਨੇ ਗੁਰੂ ਕਾ ਬਾਗ ਦੇ ਮੋਰਚੇ ਵਿਚ, ਸਿੱਖਾਂ ਦੀ ਬੁਰੀ ਹਾਲਤ ਦੇਖ ਕੇ ਉਸ ਵੇਲੇ ਪੰਜਾਬ ਦੇ ਲੇਫਟੀਨੈਂਟ ਗਵਰਨਰ ਮਾਈਕਲ ਓ'ਡਾਇਰ ਨੂੰ, ਸਿੱਖਾਂ ਖਲਾਫ਼ ਕਾਰਵਾਈ ਬੰਦ ਕਰਨ ਦੀ ਸਫ਼ਾਰਸ਼ ਕੀਤੀ ਸੀ, ਨੂੰ ਕਿਰਾਇਆ ਦੇ ਕੇ ਕੈਨੇਡਾ ਬੁਲਾਇਆ ਸੀ।

- ਸੁਸਾਇਟੀ ਨੇ ਹਿੰਦੋਸਤਾਨ ਤੋਂ ਇਲਾਵਾ, ਕੈਨੇਡਾ ਤੇ ਅਮਰੀਕਾ ਵਿਚ ਵੀ ਗੁਰਦੁਆਰੇ ਬਣਾਉਣ ਲਈ ਮਾਇਕ ਸਹਾਇਤਾ ਕੀਤੀ। ਜਿਵੇਂ ਵਿਕਟੋਰੀਆ, ਨਿਊ ਵੈਸਟਮਿੰਸਟਰ, ਐਬਟਸਫੋਰਡ, ਫਰੇਜ਼ਰ ਮਿੱਲਜ਼ ਆਦਿ।
- 1927 ਵਿਚ ਸੁਸਾਇਟੀ ਨੇ, ਸਟਾਕਟਨ ਕੈਲੇਫੋਰਨੀਆਂ ਵਿਚ ਗੁਦੁਆਰਾ ਬਣਾਉਣ ਵਿਚ ਮਾਇਕ ਸਹਾਇਤਾ ਕੀਤੀ।
- 13 ਜੁਲਾਈ 1924 ਨੂੰ, ਸੁਸਾਇਟੀ ਨੇ $2,889 ਦੇ ਖਰਚ ਨਾਲ, ਨਾਭਾ ਰਿਆਸਤ ਵਿਚ ਜੈਤੋਂ ਦੇ ਮੋਰਚੇ ਵਿਚ, ਦੱਸ ਸਿੰਘਾਂ ਦਾ ਸ਼ਹੀਦੀ ਜੱਥਾ ਭੇਜਿਆ। ਸ਼ਹੀਦੀ ਜੱਥੇ ਕੋਲ ਉਨ੍ਹਾਂ ਦੇ ਖਰਚੇ ਲਈ $4,000 ਦਿੱਤਾ ਤੇ $700 ਹੋਰ ਉਨ੍ਹਾਂ ਦੇ ਖਰਚੇ ਲਈ ਅਕਾਲ ਤੱਖਤ ਦੇ ਜੱਥੇਦਾਰ ਨੂੰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤੰਗ ਹੱਥ ਦੇਖ ਕੇ ਪੰਜ ਹਜ਼ਾਰ ਡਾਲਰ ($5,000) ਅਲੱਗ ਭੇਜਿਆ ਗਿਆ। 1925 ਵਿਚ ਮੋਰਚੇ ਦੀ ਸਮਾਪਤੀ 'ਤੇ ਅਖੰਡ ਪਾਠ ਲਈ ਦੋ ਸੌ ਡਾਲਰ ($200) ਭੇਜਿਆ ਗਿਆ।
- 1924 ਵਿਚ $7,700 ਤੇ 1927 ਵਿਚ $3,000, ਹਿੰਦੋਸਤਾਨ ਵਿਚ ਗੁਰਦੁਆਰਿਆਂ ਲਈ ਭੇਜਿਆ।
- 1924 ਵਿਚ ਸ਼੍ਰੀ ਆਨੰਦਪੁਰ ਸਾਹਿਬ ਦੀ ਬੇਨਤੀ 'ਤੇ ਮਾਇਕ ਸਹਾਇਤਾ ਦਿੱਤੀ ਗਈ।
- 1969 ਵਿਚ, $660,000 ਦੀ ਲਾਗਤ ਨਾਲ 8000 ਰੌਸ ਸਟਰੀਟ ਵੈਨਕੂਵਰ ਵਿਖੇ ਇਕ ਸ਼ਾਨਦਾਰ ਗੁਰਦੁਆਰੇ ਦੀ ਸਥਾਪਨਾ ਕੀਤੀ ਗਈ। ਗੁਰਦੁਆਰੇ ਲਈ ਜ਼ਮੀਨ $75.000 ਨਾਲ ਖਰੀਦੀ ਗਈ। ਗੁਰਦੁਆਰੇ ਦਾ ਨਕਸ਼ਾ, ਵਿਸ਼ਵ ਭਰ ਵਿਚ ਮਸ਼ਹੂਰ ਕੈਨੇਡਾ ਦੇ ਪ੍ਰਸਿੱਧ ਆਰਕੀਟੈਕਟ ਆਰਥਰ ਐਰਿਕਸਨ ਨੇ ਤਿਆਰ ਕੀਤਾ।
- 1979 ਵਿਚ 8000 ਰੌਸ ਸਟਰੀਟ ਨਾਲ ਲਗਦੀ ਜ਼ਮੀਨ $520,000 ਨਾਲ ਖਰੀਦੀ ਗਈ ਜਿਸ ਵਿਚ ਹੁਣ ਪੰਜਾਬੀ ਸਕੂਲ, ਸਿੱਖ ਲਾਇਬਰੇਰੀ ਤੇ ਸਿੱਖ ਮੀਊਜ਼ੀਅਮ ਹੈ। ਇਸ ਦਾ ਕੁਝ ਹਿੱਸਾ ਪਾਰਕਿੰਗ ਲੌਟ ਵਜੋਂ ਵੀ ਵਰਤਿਆ ਜਾਂਦਾ ਹੈ।
- 1979 ਵਿਚ, ਸੁਸਾਇਟੀ ਨੇ, ਵਿਸਾਖੀ 'ਤੇ ਨਗਰ-ਕੀਰਤਨ ਦੀ ਪ੍ਰਥਾ ਅਰੰਭੀ। ਇਸ ਵਿਚ ਨੇੜੇ ਤੇੜਿਉਂ ਤੇ ਦੂਰ ਦਰਾਡੇ ਤੋਂ ਸੰਗਤਾ ਭਾਗ ਲੈਣ ਆਉਂਦੀਆਂ ਹਨ।
- 1982 ਵਿਚ, ਇਕ ਵਫਦ, ਧਾਰਮਿਕ ਪ੍ਰਚਾਰ ਲਈ ਭਾਰਤ ਭੇਜਿਆ ਗਿਆ ਜਿਸ 'ਤੇ ਕੋਈ $12,000 ਖਰਚ ਆਇਆ।
- 1996 ਵਿਚ ਸੁਸਾਇਟੀ ਨੇ 'ਦੀ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਰੀਸੋਰਸ ਸੈਂਟਰ' ਬਣਾਇਆ। 24 ਜੁਲਾਈ 1996 ਨੂੰ, ਅਕਾਲ ਤਖਤ ਅੰਮ੍ਰਿਤਸਰ ਦੇ ਜੱਥੇਦਾਰ ਨੇ ਇਸ ਦਾ ਨੀਂਹ ਪੱਥਰ ਰੱਖਿਆ। ਇਹ ਆਪਣੀ ਕਿਸਮ ਦਾ ਸਾਰੇ ਕੈਨੇਡਾ ਵਿਚ ਇੱਕੋ ਇਕ ਸੈਂਟਰ ਹੈ। ਇਸ ਵਿਚ 15,000 ਕਿਤਬਾਂ ਵਾਲੀ ਲਾਇਬਰੇਰੀ ਹੈ ਜਿਸ ਵਿਚ ਬੈਠ ਕੇ ਪੜ੍ਹਨ ਦਾ ਪ੍ਰਬੰਧ ਹੈ। , ਸਿੱਖ ਮੀਊਜ਼ੀਆਮ ਦੇ ਨਾਲ 150 ਦੇ ਕਰੀਬ ਬਜ਼ੁਰਗਾਂ ਦੇ ਬੈਠਣ ਦਾ ਅਲੱਗ ਇੰਤਜ਼ਾਮ ਹੈ।

ਭਾਵੇਂ, ਗਰੇਟਰ ਵੈਨਕੂਵਰ ਅਤੇ ਇਸ ਦੇ ਨਾਲ ਲਗਦੇ ਸ਼ਹਿਰਾਂ ਵਿਚ ਹੋਰ ਗੁਰਦੁਆਰੇ ਹਨ। ਉਨ੍ਹਾਂ ਦੀਆਂ ਆਪਣੀਆਂ ਆਪਣੀਆਂ ਕਮੇਟੀਆਂ ਹਨ। ਫਿਰ ਵੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਆਪਣੀ ਇਕ ਖਾਸ ਮਹੱਤਤਾ ਹੈ ਜਿਸ ਨਾਲ ਬਦੇਸ਼ਾਂ ਤੇ ਕੈਨੇਡਾ ਵਿਚ ਸਿੱਖ ਪੰਥ ਦੀ ਪਹਿਚਾਣ ਤੇ ਅਹਿਮੀਅਤ ਬੱਝੀ ਹੋਈ ਹੈ।

ਸਮਾਜਸੇਵਾ ਅਥਵਾ ਭਾਈਚਾਰਿਕ ਕਾਰ ਵਿਹਾਰ

ਬਿਨਾ ਕਿਸੇ ਦੀਨ ਧਰਮ ਦੇ ਅੰਤਰ ਤੇ ਇਲਾਕੇ ਦੀ ਹੱਦਬੰਦੀ ਤੋਂ, ਭਾਈਚਾਰਿਕ ਸੇਵਾ ਤੇ ਮੇਲ ਮਲਾਪ, ਸਦਾ ਹੀ ਸੁਸਾਇਟੀ ਦੇ ਧਿਆਨ ਵਿਚ ਰਿਹਾ। ਜਦੋਂ ਵੀ ਕਿਤੇ, ਦੇਸ ਬਦੇਸ ਜਾਂ ਇੱਥੇ, ਇਸ ਤਰ੍ਹਾਂ ਦੀ ਬੇਨਤੀ ਕੀਤੀ ਗਈ, ਸੁਸਾਇਟੀ ਨੇ ਵੱਧ ਚੱੜ੍ਹ ਕੇ ਯੋਗ ਦਾਨ ਪਾਇਆ। ਜਿਵੇਂ-

- 1908 ਵਿਚ ਜਦੋ, ਕੈਨੇਡੀਅਨ ਸਰਕਾਰ ਨੇ, ਹਿੰਦੋਸਤਾਨੀਆਂ ਨੂੰ, ਕਨੂਨੀ, ਫਾਰਮੇਸੀ (ਦਵਾਖਾਨੇ), ਦਵਾਈਆਂ, ਕੈਮਿਸਟਰੀ ਤੇ ਇੰਜਨੀਅਰਿੰਗ ਵਿਦਿਆ ਤੋਂ ਵਾਂਝੇ ਕਰ ਦਿੱਤਾ ਤਾਂ ਸੁਸਾਇਟੀ ਨੇ ਆਪਣੇ ਖਰਚ 'ਤੇ ਵਿਦਿਆਰਥੀਆਂ ਨੂੰ, ਅਮਰੀਕਾ ਪੜ੍ਹਨ ਲਈ ਭੇਜਣਾ ਸ਼ੁਰੂ ਕਰ ਦਿੱਤਾ। ਹਿੰਦੋਸਤਾਨ ਤੋਂ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸਫਾਰਸ਼ 'ਤੇ, ਉੱਚ ਚਲਨ ਤੇ ਸਿੱਖ ਮਰਯਾਦਾ ਦਾ ਦਰਿੜਤਾ ਨਾਲ ਪਾਲਨ ਕਰਨ ਵਾਲੇ ਸਿੱਖ ਵਿਦਿਆਰਥੀਆਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ।
- 1914 ਵਿਚ ਸੁਸਾਇਟੀ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਸਹਾਇਤਾ ਲਈ $50,000 ਇਕੱਤਰ ਕਰ ਕੇ ਖਰਚ ਕੀਤੇ।
- 1919 ਵਿਚ ਸੁਸਾਇਟੀ ਨੇ ਵੈਨਕੂਵਰ ਜਨਰਲ ਹਸਪਤਾਲ ਨੂੰ 500 ਡਾਲਰ ਭੇਂਟ ਕੀਤੇ।
- 1920 ਵਿਚ ਸੁਸਾਇਟੀ ਨੇ, ਜੱਲ੍ਹਿਆਂ ਵਾਲਾ ਬਾਗ ਦੇ ਮੈਮੋਰੀਅਲ ਫੰਡ ਵਿਚ ਆਪਣਾ ਯੋਗ ਦਾਨ ਪਾਇਆ। ਇਹ ਫੰਡ ਉਨ੍ਹਾਂ ਪ੍ਰੀਵਾਰਾਂ ਦੀ ਸਹਾਇਤਾ ਲਈ ਸੀ ਜਿਨ੍ਹਾਂ ਦੇ ਨਿਹੱਥੇ ਕਮਾਊ, ਜਨਰਲ ਡਾਇਰ ਨੇ ਜਾਣ ਬੁੱਝ ਕੇ ਗੋਲੀਆਂ ਦਾ ਮੀਂਹ ਬਰਸਾ ਕੇ ਮਾਰ ਦਿੱਤੇ ਸੀ।
- 1920 ਵਿਚ ਸੁਸਾਇਟੀ ਨੇ $1,000 ਸਿੱਖ ਲੀਗ ਨੂੰ ਉਨ੍ਹਾਂ ਦੇ 'ਕੈਦੀ ਟੱਬਰਾਂ ਦੇ ਰਲੀਫ਼ ਫੰਡ' ਲਈ ਭੇਜੇ।
- ਸੁਸਾਇਟੀ ਨੇ ਪੰਜਾਬ, ਖਾਸ ਕਰ ਕੇ ਸਿੱਖ ਵਿਦਿਆਰਥੀਆਂ ਦੀ ਮਦਦ ਹਰ ਹਾਲ ਤੇ ਹਰ ਤਰੀਕੇ ਨਾਲ ਕੀਤੀ। ਜਿਵੇਂ-
  ੳ:- 1921 ਵਿਚ, ਸੀਆਟਲ ਪੜ੍ਹਦੇ ਪੰਜਾਬੀ ਵਿਦਿਆਰਥੀਆਂ ਦੀ ਮਦਦ ਕੀਤੀ ਜਿਨ੍ਹਾਂ ਨੂੰ ਦੇਸ਼ ਨਿਕਾਲੇ ਦੇ ਹੁਕਮ ਹੋ ਚੁੱਕੇ ਸਨ ਤੇ ਅਦਾਲਤ ਵਲੋਂ ਇਕ ਦਮ ਜ਼ਮਾਨਤ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ।
  ਅ:- 1921 ਵਿਚ "ਪਰਦੇਸੀ ਖਾਲਸਾ" ਅਖਬਾਰ ਦੀ ਦੋ ਹਜ਼ਾਰ ਰੁਪੱਈਏ ਨਾਲ ਮਦਦ ਕੀਤੀ।
  ੲ:- 1922 ਵਿਚ ਦੋ ਸਿੱਖ ਵਿਦਿਆਰਥੀ ਕਹਿਰ ਸਿੰਘ ਢੁੱਡੇਕੀ ਤੇ ਅੱਛਰ ਸਿੰਘ ਧੂਤ ਦੀ ਜ਼ਮਾਨਤ ਦਿੱਤੀ ਜਿਨ੍ਹਾਂ ਨੂੰ ਕਿ ਸਰਕਾਰ ਨੇ ਰੋਕ ਲਿਆ ਸੀ। ਇਸ ਕੰਮ ਲਈ ਵਕੀਲ ਦੀ ਸੇਵਾ ਦਾ ਮੁਆਵਜ਼ਾ ਵੀ ਸੁਸਾਇਟੀ ਨੇ ਦਿੱਤਾ।
  ਸ:- 1922 ਵਿਚ ਸੁਸਾਇਟੀ ਨੇ ਇਕ ਮਤਾ ਪਾਸ ਕੀਤਾ ਜਿਸ ਰਾਹੀਂ ਵਿਦਿਆਰਥੀਆ ਦੇ ਰਹਿਣ ਲਈ ਕਮਰੇ ਦਾ ਪ੍ਰਬੰਧ ਕੀਤਾ ਗਿਆ। ਇਹ ਮਤਾ, "ਕੈਨੇਡਾ ਅਤੇ ਪੰਜਾਬ ਵਿਚ ਵਿਦਿਆ ਵਿਕਾਸ" ਦੀ ਨੀਤੀ ਅਧੀਨ ਕੀਤਾ ਗਿਆ ਸੀ।

- 1923 ਵਿਚ ਸੁਸਾਇਟੀ ਨੇ, "ਜਪਾਨ ਭੁਚਾਲ ਫ਼ੰਡ" ਤੋਂ ਇਲਾਵਾ, ਕਰੀਬਨ ਅਠਾਰਾਂ ਸੌ ਡਾਲਰ ਪਰਉਪਕਾਰੀ ਕੰਮਾਂ ਲਈ ਦਾਨ ਦਿੱਤਾ।
- 1924 ਵਿਚ ਸੁਸਾਇਟੀ ਨੇ, ਵੈਨਕੂਵਰ ਹਸਪਤਾਲ ਵਲੋਂ ਇਮਦਾਦ ਦੀ ਅਪੀਲ ਲਈ, $2,000 ਦਾਨ ਦਿੱਤਾ।
- 1925 ਵਿਚ ਯਤੀਮਖਾਨੇ ਲਈ $3,800 ਦਿੱਤੇ।

- ਸੁਸਾਇਟੀ, ਗਾਹੇ ਬਿਗਾਹੇ ਜ਼ਾਤੀ ਔਕੜ ਵਿਚ, ਜ਼ਾਤੀ ਤੌਰ 'ਤੇ ਵੀ ਲੋਕਾਂ ਦੀ ਮਦਦ ਕਰਦੀ ਰਹੀ ਹੈ। ਜਿਵੇਂ ਕਿ 1925 ਵਿਚ ਭਾਈ ਆਇਆ ਸਿੰਘ ਦੀ ਜ਼ਮਾਨਤ ਦਿੱਤੀ ਜਿਸ ਦਾ ਕੈਨੇਡੀਅਨ ਕ਼ਾਨੂੰਨ ਨਾਲ ਯੱਭ ਪੈ ਗਿਆ ਸੀ।
- 1926 ਵਿਚ ਸੁਸਾਇਟੀ ਨੇ ਇਕ ਮਤੇ ਅਨੁਸਾਰ, ਸ਼੍ਰੀ ਅੰਨਦਪੁਰ ਸਾਹਿਬ ਦੇ ਖਾਲਸਾ ਹਾਈ ਸਕੂਲ ਨੂੰ $3,000 ਭੇਜੇ।
- 1929 ਵਿਚ ਭਾਵੇਂ, ਪੰਜਾਬੀਆ ਦੇ ਦੇਸ ਪਰਤਣ ਕਾਰਨ, ਸੁਸਾਇਟੀ ਦੀ ਆਮਦਨ ਘੱਟ ਗਈ ਸੀ ਫਿਰ ਵੀ ਸੁਸਾਇਟੀ ਨੇ, ਵੈਨਕੂਵਰ ਹਸਪਤਾਲ ਨੂੰ $100 ਦਾਨ 'ਚ ਦਿੱਤੇ ਤੇ ਇਸ ਗੱਲ ਦਾ ਯਕੀਨ ਵੀ ਦਲਵਾਇਆ ਕਿ ਇਹ ਦਾਨ ਉਨ੍ਹਾਂ ਨੂੰ ਆਉਣ ਵਾਲੇ ਸਾਲਾਂ ਵਿਚ ਇਵੇਂ ਹੀ ਮਿਲਦਾ ਰਹੇਗਾ।
- 1935 ਵਿਚ ਕੋਇਟੇ ਦੇ ਭੁਚਾਲ ਲਈ $1,500, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜੇ।
- 1978 ਵਿਚ ਸੁਸਾਇਟੀ ਨੇ ਨਿਮਨ ਫ਼ੰਡਾਂ ਵਿਚ ਆਪਣਾ ਯੋਗਦਾਨ ਪਾਇਆ-
  $2,100 ਭਾਰਤ ਦੇ ਫਲੱਡ ਰਲੀਫ਼ ਫੰਡ,
  $3,000 ਅੰਮ੍ਰਿਤਸਰ ਵਿਸਾਖੀ ਦੇ ਸ਼ਹੀਦੀ ਫ਼ੰਡ,
  $8,930 ਭਾਰਤ ਸਰਕਾਰ ਨੂੰ ਸਾਈਕਲੋਨ ਰਲੀਫ਼ ਫ਼ੰਡ,
  $2,000 ਭਾਰਤ ਸਰਕਾਰ ਨੂੰ ਬੰਗਲਾਦੇਸ਼ੀ ਇੰਦਰਾ ਰਲੀਫ਼ ਫ਼ੰਡ।
- 1924-26 ਦੇ ਬਬਰ ਅਕਾਲੀ ਸ਼ਹੀਦਾਂ ਦੀ ਯਾਦ ਵਿਚ ਸੁਸਾਇਟੀ ਹਰ ਸਾਲ ਵੈਨਕੂਵਰ ਵਿਖੇ, ਕਬੱਡੀ, ਸੌਕਰ, ਬਾਸਕਿਟਬਾਲ, ਫ਼ੀਲਡ ਹਾਕੀ ਆਦਿ ਖੇਡਾਂ ਕਰਵਾਉਂਦੀ ਹੈ ਜਿਨ੍ਹਾਂ ਦੀ ਲਾਗਤ ਹਜ਼ਾਰਾਂ ਡਾਲਰਾਂ ਵਿਚ ਆਉਂਦੀ ਹੈ। 1982 ਵਿਚ ਸੁਸਾਇਟੀ ਨੇ ਇਕ ਖੇਡ ਮੈਦਾਨ ਬਣਾਉਣ ਲਈ 28 ਏਕੜ ਜ਼ਮੀਨ ਵੀ ਖਰੀਦੀ ਹੈ।
- 1981 ਵਿਚ ਸੁਸਾਇਟੀ ਨੇ, ਸਵਾ 31 ਹਜ਼ਾਰ ਡਾਲਰ ਗੁਰਦੁਆਰਾ ਹਜੂਰ ਸਾਹਿਬ, ਸਾਢੇ 27 ਹਜ਼ਾਰ ਗੁਰਦੁਆਰਾ ਤਰਨ ਤਾਰਨ ਤੇ ਸਾਢੇ 13 ਹਜ਼ਾਰ ਹੋਰਨਾ ਗੁਰਦੁਆਰਿਆਂ ਨੂੰ ਦਾਨ ਵਜੋਂ ਦਿੱਤੇ।
- 1984 ਵਿਚ ਸੁਸਾਇਟੀ ਨੇ 34 ਹਜ਼ਾਰ ਤੇ 1987 ਵਿਚ ਵੀਹ ਹਜ਼ਾਰ ਡਾਲਰ ਦਾਨ ਵਿਚ ਦਿੱਤੇ।
- ਜਦੋਂ ਤੋਂ ਸੁਸਾਇਟੀ ਵਜੂਦ ਵਿਚ ਆਈ ਹੈ, ਪੀੜਤਾਂ ਦੀ ਮਦਦ ਕਰਨੀ ਇਸ ਦਾ ਪਹਿਲਾ ਫ਼ਰਜ਼ ਰਿਹਾ ਹੈ। ਇਸ ਅਧੀਨ ਸੁਸਾਇਟੀ ਨੇ 1993 ਵਿਚ ਸ਼੍ਰੀਲੰਕਨ ਸੈਲਾਨੀਆਂ ਦੇ ਹਫਤੇ ਭਰ ਦੇ ਰਹਿਣ ਸਹਿਣ ਤੇ ਖਾਣ ਪੀਣ ਦਾ ਪ੍ਰਬੰਧ ਤੇ ਹੋਰ ਖਰਚਾ ਝੱਲਿਆ ਸੀ ਜਦੋਂ ਉਨ੍ਹਾਂ ਦੀ ਫਲਾਈਟ ਕਿਸੇ ਕਾਰਨ ਰੱਦ ਹੋ ਗਈ ਸੀ।
- 1995 ਤੋਂ ਸੁਸਾਇਟੀ ਨੇ, ਪ੍ਰਾਂਤਕ ਸਿਹਤ ਵਿਭਾਗ ਨਾਲ ਰਲਕੇ ਇਕ 'ਡੇ ਕੇਅਰ ਸੈਂਟਰ ਵੀ ਖੋਲ੍ਹਿਆ ਹੈ ਜਿਥੇ ਲੜਕੀਆਂ ਨੂੰ ਬੱਚਿਆਂ ਦੀ ਦੇਖ ਭਾਲ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ, 1904 ਤੋਂ ਲੈ ਕੇ 1921 ਤਕ ਦੇ ਖਰਚੇ ਦਾ ਰਿਕਾਰਡ ਕਝ ਇਸ ਤਰ੍ਹਾਂ ਹੈ-

ਸਿੱਖਾਂ ਦੀ ਬਹਿਤਰੀ ਲਈ, $150,000
ਸਿਆਸੀ ਕੈਦੀਆਂ ਦੇ ਟੱਬਰਾਂ ਦੀ ਸਹਾਇਤਾ ਲਈ $ 2,100
ਸਿਆਸੀ ਕੈਦੀਆਂ ਲਈ $31,000
ਕਾਮਾਗਾਟਾ ਮਾਰੂ ਦੇ ਮੁਸਾਫਰਾ ਲਈ $ 50,000
ਇਮੀਗਰੇਸ਼ਨ ਕੇਸਾਂ ਲਈ $ 30,000
ਓਟਵਾ, ਲੰਦਨ ਤੇ ਇੰਡੀਆ ਦੇ ਵਫ਼ਦਾਂ ਲਈ $ 15,000

ਇੰਡੀਅਨ ਕਾਂਗਰਿਸ ਪਾਰਟੀ ਦੇ ਤਿਲਕ ਸਵਰਾਜ ਫੰਡ ਲਈ $3,333
2008 ਦੇ ਖਰਚੇ ਦੀ ਰਿਪੋਰਟ ਅਨੁਸਾਰ ਕੋਈ $170,400 ਧਰਮ ਪ੍ਰਚਾਰ, ਦਾਨ, ਨਗਰ ਕੀਰਤਨ ਤੇ ਖੇਡਾਂ 'ਤੇ ਖਰਚਿਆ ਗਿਆ। ਜੋ ਆਪਣੇ ਆਪ ਵਿਚ ਇਕ ਅਣਮੁੱਲੀ ਸੇਵਾ ਹੈ।

ਰਾਜਨੀਤਕ ਅਥਵਾ ਸਿਆਸੀ ਕਾਰ ਵਿਹਾਰ

"ਕੀ ਕਿਸੇ ਨਾਗਰਿਕ ਨੂੰ, ਚਾਲੀ ਵਰ੍ਹੇ ਵੋਟ ਦੇ ਹੱਕ ਤੋਂ ਵੰਚਿਤ ਰੱਖਿਆ ਜਾ ਸਕਦਾ ਹੈ?" ਨਹੀਂ ਨਾ। ਪਰ, ਕੈਨੇਡਾ ਵਿਚ ਹਿੰਦੀਆਂ ਨੂੰ ਰੱਖਿਆ ਗਿਆ। ਖਾਸ ਕਰ ਕੇ ਸਿੱਖਾ ਨੂੰ, *ਜੋ ਪਿੱਛਲੀ ਸਦੀ ਦੇ ਅਰੰਭ ਵਿਚ ਇੱਥੇ ਬਹੁ ਗਿਣਤੀ ਵਿਚ ਆਏ ਸਨ*।

ਜਦੋਂ ਪਹਿਲੋਂ ਪਹਿਲ ਹਿੰਦੀਆਂ ਨੇ ਆ ਕੇ ਕੈਨੇਡਾ ਨੂੰ ਆਪਣਾ ਮੁਲਕ ਬਣਾਉਣਾ ਚਾਹਿਆ ਤਾਂ ਉਨ੍ਹਾਂ ਨੂੰ ਬਹੁਤ ਹੀ ਸਰੀਰਕ ਤੇ ਆਤਮਿਕ ਔਕੜਾਂ ਦਾ ਸਾਹਮਣਾ ਕਰਨ ਪਿਆ। ਭਾਵੇਂ ਹਿੰਦੀ ਬ੍ਰਤਾਨਵੀ ਰਈਅਤ ਹੋਣ ਕਾਰਨ ਉਨ੍ਹਾਂ ਨੂੰ ਕੈਨੇਡਾ ਦੇ ਹਰ ਪ੍ਰਾਂਤ ਵਿਚ ਵੋਟ ਪਾਉਣ ਦਾ ਹੱਕ ਸੀ ਪਰ, ਬ੍ਰਿਟਿਸ਼ ਕੁਲੰਬੀਆ ਵਿਚ ਨਹੀਂ ਸੀ। ਚਾਲੀ ਸਾਲ ਹਿੰਦੀ, ਬ੍ਰਿਟਿਸ਼ ਕੁਲੰਬੀਆ ਵਿਚ ਵੋਟ ਤੇ ਹੋਰ ਨਾਗਰਿਕ ਵਿਸ਼ੇਸ਼ ਅਧੀਕਾਰ ਲੈਣ ਲਈ ਜੱਦੋ-ਜਿਹਦ ਕਰਦੇ ਰਹੇ ਜਦਕਿ ਯੌਰਪੀਨ ਲੋਕ ਇਹ ਸਹੂਲਤਾਂ ਬਿਨਾ ਮੰਗਿਆਂ ਹੀ ਮਾਣਦੇ ਰਹੇ। (ਤਫ਼ਸੀਲ ਲਈ ਦੇਖੋ -(ਨਾਗਰਿਕ ਵਿਸ਼ੇਸ਼ ਅਧੀਕਾਰਾਂ ਦੀ ਪ੍ਰਾਪਤੀ)

ਖਾਲਸਾ ਦੀਵਾਨ ਸੁਸਾਇਟੀ ਨੇ, 'ਨਾਗਰਿਕ ਵਿਸ਼ੇਸ਼ ਅਧੀਕਾਰਾਂ' ਨੂੰ ਆਪਣਾ ਮੁੱਖ ਆਦੇਸ਼ ਬਣਾ ਕੇ ਇਕ ਬੀੜਾ ਬੰਨ੍ਹਿਆ। ਇਸ ਦੀ ਪ੍ਰਾਪਤੀ ਲਈ ਓਟਵਾ, ਲੰਡਨ ਤੇ ਦਿੱਲੀ ਨੂੰ ਵਫ਼ਦ ਭੇਜੇ। ਸੁਸਾਇਟੀ ਨੇ ਇਸ ਕੰਮ ਵਿਚ ਲੱਖਾਂ ਡਾਲਰ ਖਰਚ ਕੀਤੇ। ਨਗਰਪਾਲਿਕਾ ਤੋਂ ਲੈ ਕੇ ਪ੍ਰਾਂਤਕ ਤੇ ਫੈਡਰਲ ਸਰਕਾਰਾਂ ਤਕ ਰਸਾਈ ਕੀਤੀ। ਭਾਵੇਂ ਸੁਸਾਇਟੀ ਨੂੰ ਇਨ੍ਹਾਂ ਸਰਕਾਰਾਂ ਵਲੋਂ, ਇਸ ਬੇਇਨਾਸਾਫੀ ਦੇ ਮੁਆਮਲੇ ਵਿਚ ਨਿਰਾਸ਼ਾ ਤੇ ਬੇਰੁਖੀ ਹੀ ਮਿਲਦੀ ਰਹੀ ਤਾਂ ਵੀ ਸੁਸਾਇਟੀ ਨੇ ਉੱਨਾਂ ਚਿਰ ਦਮ ਨਾ ਲਿਆ ਜਦੋਂ ਤਕ, ਇਹ ਹੱਕ ਪ੍ਰਾਪਤ ਨਹੀਂ ਕਰ ਲਏ।

1914 ਵਿਚ, ਕਾਮਾਗਾਟਾ ਮਾਰੂ ਦਾ ਮੁਆਮਲਾ ਵੀ ਇਕ ਹੋਰ ਟਾਕਰੇ ਵਾਲੀ ਸਮੱਸਿਆ ਸੀ ਜਿਸ ਨੇ ਹਿੰਦੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਜਦੋਂ 376 ਮੁਸਾਫ਼ਰਾਂ ਨੂੰ ਕੈਨੇਡਾ ਦੀ ਧਰਤੀ 'ਤੇ ਪੈਰ ਰੱਖਣ ਤੋਂ ਰੋਕ ਦਿੱਤਾ ਗਿਆ। ਕਾਰਨ, ਉਸ ਵੇਲੇ ਦੀ ਸੂਬਾਈ ਸਰਕਾਰ ਦੇਸ ਦੀ ਸਰਕਾਰ ਨਾਲ ਮਿਲ ਕੇ, ਮੁਲਕ ਨੂੰ "ਗੋਰੇ ਲੋਕਾਂ ਦਾ ਦੇਸ" ਹੀ ਬਣਾਉਣ ਵਿਚ ਲੱਗੀ ਹੀ ਨਹੀਂ ਬਲਕਿ ਤੁਲੀ ਹੋਈ ਸੀ। ਇਸ ਸਕੀਮ ਅਧੀਨ, 1908 ਵਿਚ ਹਿੰਦੀਆਂ ਨੂੰ ਕੈਨੇਡਿਉਂ ਬਾਹਰ ਕੱਢ ਕੇ ਬ੍ਰਤਾਨਵੀ ਹੰਡਿਉਰਸ ਭੇਣ ਦੀ ਸਕੀਮ ਵੀ ਬਣਾਈ ਗਈ। ਇਸ ਦੀ ਪੂਰਤੀ ਲਈ, ਗ੍ਰਹਿ-ਮੰਤਰੀ ਦਾ ਸਕੱਤਰ ਜੇ.ਬੀ. ਹਾਰਕਿਨ ਤੇ ਬ੍ਰਤਾਨਵੀ ਸਰਕਾਰ ਦੇ ਜਾਸੂਸ ਜੋ ਇੱਥੇ ਦੇ ਇਮੀਗ੍ਰੇਸ਼ਨ ਮਹਿਕਮੇ ਦੇ ਦੋਭਾਸ਼ੀਏ ਵੀ ਸੀ, ਮਿਸਟਰ ਹੌਪਕਿਨਸਨ ਦੀ ਸਹਾਇਤਾ ਵੀ ਲਈ ਗਈ। ਪਰ, ਇਸ ਤਜਵੀਜ਼ ਨੂੰ ਸੁਸਾਇਟੀ ਦੇ ਆਗੂਆਂ ਨੇ, ਮਿਸਟਰ ਹੌਪਕਿਨਸਨ ਨਾਲ ਭੇਜੇ ਸੁਸਾਇਟੀ ਦੇ ਨੁਮਾਇੰਦੇ ਨਾਗਰ ਸਿੰਘ ਤੇ ਸ਼ਾਮ ਸਿੰਘ ਦੀ ਅਸਲੀਤ ਦੱਸ ਕੇ ਕੀਤੀ ਸਿਫ਼ਾਰਿਸ਼ ਅਤੇ ਆਪਣੀ ਦੂਰ ਅੰਦੇਸ਼ੀ ਤੋਂ ਕੰਮ ਲੈਂਦਿਆ, ਜਾਣ ਤੋਂ ਨਾਂਹ ਕਰ ਦਿੱਤੀ ਤੇ ਸਰਕਾਰ ਦੀ ਇਸ ਸਕੀਮ ਨੂੰ ਅਸਫਲ ਬਣਾ ਦਿੱਤਾ। ਇਹ, ਚਮੜੀ ਦੇ ਰੰਗ ਦੀ ਬਿਨਾ ਤੇ ਇਕ ਨਸਲੀ ਵਿਤਕਰਾ ਸੀ ਤੇ ਹਿੰਦੀਆਂ ਨੂੰ ਕੈਨੇਡਾ ਵਿੱਚੋਂ ਕੱਢਣ ਦੀ ਇਕ ਚਾਲ।

ਜਦੋਂ ਤੋਂ ਖਾਲਸਾ ਦੀਵਾਨ ਸੁਸਾਇਟੀ ਹੋਂਦ ਵਿਚ ਵਿਚ ਆਈ ਹੈ ਉਦੋਂ ਤੋਂ ਹੀ, ਹਿੰਦੋਸਤਾਨ ਦੀ ਸੁਤੰਤਰਤਾ ਤੇ ਕੈਨੇਡਾ ਵਿਚ ਆਪਣੇ ਰਾਜਸੀ ਹੱਕ ਪ੍ਰਾਪਤ ਕਰਨੇ, ਇਸ ਦਾ ਮੁੱਖ ਆਦੇਸ਼ ਰਿਹਾ ਹੈ। ਭਾਵੇਂ ਦੇਸ ਦੀ ਆਜ਼ਾਦੀ ਦੇ ਸੰਘਰਸ਼ ਦਾ ਸਿਹਰਾ ਗਦਰ ਪਾਰਟੀ ਦੇ ਸਿਰ ਜਾਂਦਾ ਹੈ ਪਰ, ਸੁਸਾਇਟੀ ਦੇ ਕੁਝ ਮੁੱਖ ਆਗੂ ਹੀ ਕੈਨੇਡਾ ਵਿਚ ਗਦਰ ਪਾਰਟੀ ਦੇ ਨੁਮਾਇੰਦੇ ਸਨ। ਜਿਵੇਂ ਭਾਈ ਭਾਗ ਸਿੰਘ, ਭਾਈ ਬਦਨ ਸਿੰਘ, ਭਾਈ ਬਲਵੰਤ ਸਿੰਘ ਖੁਰਦਪੁਰ. ਭਾਈ ਮੇਵਾ

ਸਿੰਘ ਤੇ ਭਾਈ ਉੱਤਮ ਸਿੰਘ। ਭਾਈ ਕਰਤਾਰ ਸਿੰਘ ਨਵਾਂ ਚੰਦ, ਭਾਈ ਪਾਖਰ ਸਿੰਘ ਢੁੱਡੀਕੇ, ਭਾਈ ਸ਼ੇਰ ਸਿੰਘ ਵੇਈਂ ਪੋਈਂ ਅਤੇ ਭਾਈ ਕਰਮ ਸਿੰਘ ਝਿੰਗੜ, ਭਾਈ ਪਿਆਰਾ ਸਿੰਘ ਲੰਗੇਰੀ ਆਦਿ, ਜਿਨ੍ਹਾਂ ਦੇਸ ਦੀ ਆਜ਼ਾਦੀ ਲਈ ਉਮਰ ਕੈਦਾਂ ਜਾਂ ਘੱਟ ਸਜ਼ਾਵਾਂ ਕੱਟੀਆਂ, ਇਸੇ ਖਾਲਸਾ ਦੀਵਾਨ ਸੁਸਾਇਟੀ ਦੇ ਹੀ ਮੈਂਬਰ ਸਨ। ਉਸ ਵੇਲੇ ਦੇ ਲੇਖਕ ਡਾ: ਸਾਧੂ ਸਿੰਘ ਧਾਮੀ, ਆਪਣੇ ਨਾਵਲ 'ਮਲੂਕਾ' ਵਿਚ ਇਨ੍ਹਾਂ ਲੋਕਾਂ ਦੀ ਬਹੁਤ ਹੀ ਜੁਸ਼ੀਲੇ ਅਤੇ ਸਤਿਕਾਰ ਭਰੇ ਸ਼ਬਦਾਂ ਵਿਚ ਇਨ੍ਹਾਂ ਦੀ ਸਿਫਤ ਕਰਦਿਆਂ ਲਿਖਦਾ ਹੈ, "... ਉਹ ਸਿਰਫ ਗੱਲਾਂ ਬਾਤਾਂ ਨਾਲ ਹੀ ਨਹੀਂ ਸਗੋਂ, ਹੱਥਾਂ ਵਿਚ ਹਥਿਆਰ ਫੜ ਕੇ ਵੀ ਖੜ੍ਹੇ ਹੋਏ।"

ਕਾਮਾਗਾਟਾ ਮਰੂ ਦੀ ਘਟਨਾ ਦੌਰਾਨ ਜਿਵੇਂ *ਸ਼ੋਰ ਕਮੇਟੀ*, ਗਦਰ ਪਾਰਟੀ ਆਦਿ ਜਾਂ ਬਾਅਦ ਵਿਚ, ਈਸਟ ਇੰਡੀਆ ਵੈਲਫੇਅਰ ਅਸੋਸੀਏਸ਼ਨ ਜਾਂ ਨੈਕੋਈ ਆਦਿ ਜਿੰਨੀਆਂ ਵੀ ਸੰਸਥਾਵਾਂ ਹੋਂਦ ਵਿਚ ਆਈਆਂ, ਸੁਸਾਇਟੀ ਦੇ ਆਗੂ ਜਾਂ ਮੈਂਬਰ ਹੀ ਕਿਸੇ ਨਾ ਕਿਸੇ ਅਹੁਦੇ 'ਤੇ ਇਨ੍ਹਾਂ ਵਿਚ ਕੰਮ ਕਰਦੇ ਰਹੇ ਹਨ।

ਸਿਆਸੀ ਮੁੱਦੇ ਅਧੀਨ ਸੁਸਾਇਟੀ, ਗਦਰ, ਗਦਰ ਦੀ ਗੂੰਜ, ਸੰਸਾਰ ਆਦਿ ਰਸਾਲਿਆਂ ਦੀ ਸਹਾਇਤਾ ਵੀ ਕਰਦੀ ਰਹੀ ਹੈ ਤੇ 1927 ਵਿਚ ਗਦਰ ਪਾਰਟੀ ਨੂੰ $500 ਦੀ ਇਮਦਾਦ ਦਿੱਤੀ।

ਇਸ ਤੋਂ ਇਲਾਵਾ, ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ, 1920 ਵਿਚ ਸੁਸਾਇਟੀ ਨੇ ਜੱਲ੍ਹਿਆਂ ਵਾਲੇ ਬਾਗ ਦੇ ਯਾਦਗਾਰੀ ਫੰਡ, 1923 ਵਿਚ, ਸਿੱਖ ਲੀਗ ਜਲੰਧਰ ਤੇ ਪੰਜਾਬ ਦੇ ਸਿੱਖ ਟੱਬਰਾਂ ਦੀ ਮਾਲੀ ਮਦਦ ਕੀਤੀ ਸੀ ਜਿਨ੍ਹਾਂ ਦੇ ਕਮਾਊ ਦੇਸ ਦੀ ਅਜ਼ਾਦੀ ਦੀ ਲੜਾਈ ਵਿਚ, ਸਰਕਾਰ ਹੱਥੋਂ ਮਾਰੇ ਗਏ ਸਨ।

ਵੀਹਵੀਂ ਸਦੀ ਦੇ ਵੀਹਵਿਆਂ ਵਿਚ ਪੰਜਾਬ ਦੇ ਅਕਾਲੀ ਮੋਰਚੇ, ਭਾਵੇਂ ਉਹ ਧਾਰਮਕ ਜਾਂ ਸਿਆਸੀ ਰੰਗਤ ਰੱਖੇਦੇ ਸਨ ਤੇ ਉਸ ਵੇਲੇ ਦੀ ਸਰਕਾਰ ਦੇ ਵਰੁੱਧ ਸਨ ਜੋ ਗੁਰਦੁਆਰਿਆਂ ਵਿਚ ਆਪਣੇ ਮੁਖਬਰ ਜਾਂ ਚਮਚੇ ਵਾੜਨੇ ਚਾਹੁੰਦੀ ਸੀ, ਤਾਂ ਵੀ ਸੁਸਾਇਟੀ ਨੇ ਦਿਲ ਖੋਲ੍ਹ ਕੇ ਸਹਾਇਤਾ ਕੀਤੀ।

1925 ਵਿਚ ਸਰਬ ਸੰਮਤੀ ਨਾਲ ਇਹ ਨਿਰਨਾ ਲਿਆ ਗਿਆ ਸੀ ਕਿ ਪੰਜਾਬ ਦੇ ਸਿਆਸੀ ਤੇ ਧਾਰਮਿਕ ਕੈਦੀਆਂ ਲਈ ਇਕ ਰਲੀਫ ਫੰਡ ਇਕੱਠਾ ਕੀਤਾ ਜਾਵੇ ਤੇ ਦੁਆਬਾ, ਮਾਲਵਾ ਤੇ ਮਾਝੇ ਵਿਚ ਉਨ੍ਹਾਂ ਦੇ ਟੱਬਟਰਾਂ ਵਿਚ ਬਰਾਬਰ ਬਰਾਬਰ ਵੰਡਿਆ ਜਾਵੇ।
ਇਵੇਂ ਹੀ 1928 ਵਿਚ $500, 1929 ਵਿਚ $100 ਤੇ 1931 ਵਿਚ $500 ਨਾਲ, ਬੱਬਰ ਅਕਾਲੀ ਰਲੀਫ਼ ਫ਼ੰਡ ਵਿਚੋਂ ਬਬਰ ਅਕਾਲੀਆਂ ਦੀ ਮਦਦ ਕੀਤੀ ਤੇ 1929 ਵਿਚ $1,500 ਉਨ੍ਹਾਂ ਦੇ ਟੱਬਰਾਂ ਨੂੰ ਭੇਜਿਆ ਗਿਆ ਸੀ ਜਿਨ੍ਹਾਂ ਦੇ ਸਿਰਨਾਵੇਂ ਲੱਭ ਲਏ ਗਏ ਸਨ।

ਦੇਸ ਦੀ ਆਜ਼ਾਦੀ ਨੂੰ ਮੁੱਖ ਰੱਖਦਿਆਂ, ਸੁਸਾਇਟੀ ਨੇ 1930 ਵਿਚ, ਲਹੌਰ ਵਿਚ ਹੋਏ ਇੰਡੀਅਨ ਨੈਸ਼ਨਲ ਕਾਂਗਰਿਸ ਦੇ 44ਵੇਂ ਸਾਲਾਨਾ ਅਜਲਾਸ ਲਈ ਇਕ ਹਜ਼ਾਰ ਰੁਪੱਈਏ ਭੇਜੇ ਸਨ।

1909 ਵਿਚ ਸੁਸਾਇਟੀ ਨੇ, ਐਨੀ ਬਸੰਤ, ਜੋ ਕਿ 'ਵਿਸ਼ਵ ਅਧਿਆਤਮ-ਵਿਦਿਆ' ਦੀ ਪ੍ਰਧਾਨ ਸੀ, ਜਿਸ ਨੇ ਹਿੰਦੀਆਂ ਲਈ ਕੈਨੇਡਾ ਦੇ ਹੱਕਾਂ ਲਈ, ਸਰਕਾਰ ਨੂੰ ਵਕਾਲਤ ਕੀਤੀ ਸੀ, ਜੀ ਆਇਆਂ ਕਿਹਾ ਜਦਕਿ ਇਸ ਦੇ ਵਿਪਰੀਤ, 1910 ਵਿਚ ਇੱਥੇ ਆਏ ਬੜੋਦੇ ਦੇ ਮਹਾਰਾਜ ਐੱਚ. ਐੱਚ. ਗਾਇਕਵਾੜ ਦਾ ਬਾਈ ਕਾਟ ਕੀਤਾ ਸੀ ਕਿਉਂਕਿ ਉਹ, ਬ੍ਰਤਾਨਵੀ ਸਰਕਾਰ ਦਾ ਪਿੱਠੂ ਸੀ ਤੇ ਇਵੇਂ ਹੀ 1910 ਵਿਚ, ਬੰਗਾਲ ਦੀ ਇਕ ਛੋਟੀ ਜਿਹੀ ਰਿਆਸਤ ਮਊਰਭਾਂਗ ਦੇ ਮਹਾਂਰਾਜੇ ਨੂੰ ਵੀ ਮੂੰਹ ਨਹੀਂ ਲਾਇਆ।

1929 ਵਿਚ ਸੁਸਾਇਟੀ ਨੇ, ਰੈਵਰੈਂਡ ਐੱਫ਼. ਐਂਡਰਇਊ ਦਾ ਸੁਆਗਤ ਕੀਤਾ ਕਿਉਂਕਿ ਉਸ ਨੇ ਕੈਨੇਡਾ ਵਿਚ ਹਿੰਦੀਆਂ ਦੇ ਸ਼ਹਿਰੀ ਹੱਕਾਂ ਲਈ, ਆਵਾਜ਼ ਉਠਾਈ ਸੀ ਅਤੇ ਮਹਾਂ ਕਵੀ ਰਾਬਿੰਦਰ ਨਾਥ ਟੈਗੋਰ ਦਾ ਵੈਨਕੂਵਰ ਤੇ ਵਿਕਟੋਰੀਆ ਦੇ ਗੁਰਦੁਆਰੇ ਵਿਚ ਹਾਰਦਿਕ ਸੁਆਗਤ ਕੀਤਾ ਸੀ ਕਿਉਂਕਿ ਉਸ ਨੇ ਜੱਲ੍ਹਿਆਂ ਵਾਲੇ ਬਾਗ ਵਿਚ ਹੋਏ ਕਤਲ-ਇ-ਆਮ ਨੂੰ

ਦੇਖਕੇ, ਆਪ ਨੂੰ ਮਿਲਿਆ ਨੋਬਲ ਇਨਾਮ, ਇਹ ਕਹਿ ਕੇ ਮੋੜ ਦਿੱਤਾ ਸੀ ਕਿ ਇੱਕ ਪਾਸੇ ਤਾਂ ਤੁਸੀਂ ਸਾਨੂੰ ਇਨਾਮ ਦੇ ਰਹੇ ਹੋ ਪਰ, ਦੂਜੇ ਪਾਸੇ ਸਾਡੇ ਕਤਲ।

ਇਵੇਂ ਹੀ 1949 ਵਿਚ ਜਦੋਂ, ਭਾਰਤ ਦਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਆਪਣੀ ਧੀ ਇੰਦਰਾ ਗਾਂਧੀ ਨਾਲ ਵੈਨਕੂਵਰ ਆਇਆ ਸੀ ਤਾਂ, ਖਾਲਸਾ ਦੀਵਾਨ ਸੁਸਾਇਟੀ ਨੇ ਉਸ ਦਾ ਪੂਰਨ ਸਨਮਾਨ ਕੀਤਾ ਸੀ ਕਿਉਂਕਿ ਪੰਡਤ ਨਹਿਰੂ ਨੇ, ਖਾਲਸਾ ਦੀਵਾਨ ਸੁਸਾਇਟੀ ਦੀ, ਹਿੰਦੋਸਤਾਨ ਦੀ ਆਜ਼ਾਦੀ ਵਿਚ, ਤਨ, ਮਨ, ਧੰਨ, ਨਾਲੇ ਪਾਏ ਯੋਗਦਾਨ ਤੇ ਕੀਤੇ ਸੰਘਰਸ਼ ਦੀ ਦਿਲੋਂ ਸ਼ਲਾਘਾ ਕੀਤੀ ਸੀ। ਇਸ ਉਪਰੰਤ, ਇਹ ਵੀ ਸੁਣਨ ਵਿਚ ਆਉਂਦਾ ਹੈ ਕਿ ਜਦੋਂ 23 ਜਨਵਰੀ 1973 ਵਿਚ, ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਆਈ ਸੀ ਤਾਂ ਉਸ ਨੇ ਕਿਹਾ ਸੀ ਕਿ ਉਸ ਨੂੰ ਉਸਦੇ ਹੋਟਲ ਲੈ ਜਾਣ ਤੋਂ ਪਹਿਲਾਂ, ਰੌਸ ਸਟਰੀਟ ਦੇ ਗੁਰਦੁਆਰੇ ਲੈ ਜਾਇਆ ਜਾਵੇ। ਜਿੱਥੇ ਆ ਕੇ ਉਸ ਨੇ $500, ਗੁਰੂ ਦਰਸ਼ਨ-ਭੇਟਾ ਕੀਤੇ ਸਨ।

ਖਾਲਸਾ ਦੀਵਾਨ ਸੁਸਾਇਟੀ ਨੇ, ਸਮੇਂ ਸਮੇਂ ਸਿਰ ਜਿਨ੍ਹਾਂ ਪਤਵੰਤਿਆਂ ਨੂੰ ਸਰੋਪਿਆਂ, ਕਿਰਪਾਨਾਂ, ਥੈਲੀਆਂ ਤੇ ਸੋਨੇ ਦੇ ਤਮਗ਼ਿਆਂ ਨਾਲ ਸਨਮਾਨਿਤ ਕੀਤਾ ਉਨ੍ਹਾਂ ਵਿੱਚੋਂ ਕੁਝ ਇਕ ਦੇ ਨਾਂ ਇਸ ਪ੍ਰਕਾਰ ਹਨ-

ਮਹਾਂ ਕਵੀ ਸਰ ਰਾਬਿੰਦਰ ਨਾਥ ਟੈਗੋਰ, ਰੈਵਰੇਂਡ ਸੀ. ਐੱਫ. ਐਂਡਰੀਊਜ਼, ਅੰਤਰ ਰਾਸ਼ਟਰੀ ਕੌਂਗਰਿਸ ਦਾ ਪ੍ਰਧਾਨ ਸੀ (ਜਿਸ ਨੇ ਵੈਨਕੂਵਰ ਵਿਚ ਆ ਕੇ ਯੁਨਾਈਟਿੱਡ ਚਰਚ ਵਿਚ ਸਿੱਖਇਜ਼ਮ 'ਤੇ ਭਾਸ਼ਨ ਦਿੱਤਾ ਸੀ ਤੇ ਪੰਜਾਬ ਦੇ ਗਵਰਨਰ ਨੂੰ ਸਿੱਖਾਂ ਦੀ ਮੰਦੀ ਹਾਲਤ ਬਾਰੇ ਵਕਾਲਤ ਕੀਤੀ ਸੀ, ਮਹਾਤਮਾਂ ਗਾਂਧੀ ਦਾ ਪ੍ਰਸ਼ੰਸਕ ਸੀ ਤੇ ਉਸ'ਤੇ ਕਿਤਾਬ ਲਿਖੀ ਸੀ।) ਚਮਨ ਲਾਲ ਗੋਸਵਾਮੀ, ਪੰਡਤ ਜਵਾਹਲ ਲਾਲ ਨਹਿਰੂ, ਸ਼੍ਰੀਮਤੀ ਇੰਦਰਾ ਗਾਂਧੀ, ਸ਼੍ਰੀ. ਖੜਕ ਸਿੰਘ, ਭਾਈ ਪਿਆਰਾ ਸਿੰਘ ਲੰਗੇਰੀ, ਭਾਈ ਰਣਧੀਰ ਸਿੰਘ, ਭਾਈ ਚੇਤ ਸਿੰਘ ਗਰੰਥੀ, ਭਾਈ ਮੁਣਸ਼ਾ ਸਿੰਘ ਦੁਖੀ, ਡਾ: ਡੀ.ਪੀ. ਪਾਂਡੀਆ, ਸ਼੍ਰੀਮਤੀ ਵਿਜੇ ਲਕਸ਼ਮੀ ਪੰਡਤ ਆਦਿ।

ਸਿਆਸੀ ਤੇ ਕੁਝ ਹੋਰ ਨਾਮਵਰ ਹਸਤੀਆਂ ਤੋਂ ਇਲਾਵਾ ਸੁਸਾਇਟੀ ਨੇ, ਮਕਾਮੀ ਤੇ ਬਾਹਰੋਂ ਆਏ ਲੇਖਕਾਂ ਨੂੰ ਵੀ ਸਨਮਾਨਤ ਕੀਤਾ ਹੈ। ਜਿਵੇਂ, ਡਾ: ਭਗਤ ਸਿੰਘ, ਕੈਨੇਡੀਅਨ ਸਿੱਖਾਂ ਦਾ ਇਤਿਹਾਸ ਲਿਖਣ 'ਤੇ ਸੋਹਣ ਸੁਰਿੰਦਰ ਸਿੰਘ ਸੰਘਾ ਸਕਰੂਲਵੀ। ਸਾਰਜੀਤ ਸਿੰਘ ਜਗਪਾਲ ਨੂੰ ਅੰਗ੍ਰੇਜ਼ੀ ਵਿਚ "Becoming Canadian" ਲਿਖਣ ਲਈ ਤੇ ਡਾ: ਦਰਸ਼ਨ ਗਿੱਲ ਨੂੰ।

ਇੱਥੇ ਇਹ ਅਮਰ ਵੀ ਵਰਨਣ ਯੋਗ ਹੈ ਕਿ ਖਾਲਸਾ ਦੀਵਾਨ ਸੁਸਾਇਟੀ ਨੇ, ਬਾਬਾ ਗੁਰਦਿੱਤ ਸਿੰਘ ਦੀ ਪੋਤ-ਨੂੰਹ ਨੂੰ, ਜੋ 16 ਅਕਤੂਬਰ 1996 ਵਿਚ ਵੈਨਕੂਵਰ ਆਏ ਸੀ, 3 ਨਵੰਬਰ ਨੂੰ ਰੌਸ ਸਟਰੀਟ ਗੁਰਦੁਆਰੇ ਵਿਚ, ਉਚੇਚੇ ਤੌਰ ਤੇ ਸਨਮਾਨਤ ਕੀਤਾ ਸੀ।

ਇੱਥੇ ਇਹ ਗੱਲ ਕਹਿ ਦੇਣੀ ਵੀ ਕੁਥਾਂ ਨਹੀਂ ਹੋਵੇਗੀ ਕਿ ਅੱਜ ਜੋ ਭਾਰਤੀ, ਖਾਸ ਕਰਕੇ ਪੰਜਾਬੀ ਸਿੱਖ, ਵਿਧਾਨ-ਸਭਾਵਾਂ ਤੇ ਸੰਸਦ ਵਿਚ, ਐੱਮ. ਅੱਲ. ਏ, ਐੱਮ. ਪੀ. ਅਟੌਰਨੀ ਜਨਰਲ, ਪ੍ਰੀਮਿਅਰ, ਪ੍ਰਾਂਤਕ ਜਾਂ ਫੈਡਰਲ ਸਰਕਾਰਾਂ ਵਿਚ ਕਿਸੇ ਮੰਤਰਾਲੇ ਦੇ ਮੰਤਰੀ ਆਦਿ ਪਦਵੀਆਂ 'ਤੇ ਬੈਠੇ ਹਨ ਜਾਂ ਬੈਠੇ ਸੀ, ਇਹ, ਉਸ ਸਮੇਂ ਸੁਸਾਇਟੀ ਦੇ ਆਗੂਆਂ ਦੀ, ਸਿਆਸੀ ਦੂਰ-ਅੰਦੇਸ਼ੀ ਦੇ ਫ਼ਲ ਸਰੂਪ ਹੀ ਹਨ। ਉਦਾਹਰਨ ਵਜੋਂ ਸ੍ਰੀ: ਨਗਿੰਦਰ ਸਿੰਘ ਗਿੱਲ ਦਾ ਨਾਂ ਲਿਆ ਜਾ ਸਕਦਾ ਹੈ ਜਿਸ ਨੇ, ਸੁਸਾਇਟੀ ਦੀ ਇਕ ਮੀਟਿੰਗ ਵਿਚ ਕਿਹਾ ਸੀ ਕਿ ਵੋਟ ਦਾ ਹੱਕ ਸਾਨੂੰ, ਉਨ੍ਹਾਂ ਚਿਰ ਪ੍ਰਾਪਤ ਨਹੀਂ ਹੋ ਸਕਦਾ, ਜਿੰਨਾਂ ਚਿਰ ਅਸੀਂ ਕੈਨੇਡੀਅਨ ਲੋਕਾਂ ਨੂੰ ਆਪਣੇ ਨਾਲ ਲੈ ਕੇ ਨਹੀਂ ਤੁਰਦੇ। ਇਸ ਕੰਮ ਦੀ ਪੂਰਤੀ ਲਈ ਉਸ ਨੇ, ਆਪਣੇ ਨਿੱਜੀ ਸਵਾਰਥ ਨੂੰ ਛੱਡ ਕੇ, ਦਿਨ ਰਾਤ ਇਕ ਕਰ ਦਿੱਤਾ ਸੀ। ਆਏ ਦਿਨ ਅਖਬਾਰਾਂ ਵਿਚ ਉਸ ਦੇ ਬਿਆਨ ਛੱਪਦੇ ਰਹੇ। ਜਿਸ ਦੇ ਸਿੱਟੇ ਵਜੋਂ, ਇੱਥੋਂ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਵੱਲ ਕਰ ਲਿਆ ਸੀ। ਹਿੰਦੀ ਖਾਸ ਕਰਕੇ ਪੰਜਾਬੀ ਸਿੱਖ ਨੌਜਵਾਨ ਜਿਨ੍ਹਾਂ ਨੂੰ ਫੌਜ ਵਿਚ ਜਬਰੀ ਭਰਤੀ ਕੀਤਾ ਗਿਆ ਸੀ, ਦੀਆਂ ਚਿੱਠੀਆਂ ਲੈ ਕੇ ਵੋਟ ਦੇ ਹੱਕ

ਦਾ ਮਸਲਾ ਉਠਾਇਆ ਸੀ। ਇਸੇ ਨਾਲ ਉਹਨੇ, ਵਿਕਟੋਰੀਆ, ਓਟਵਾ, ਲੰਡਨ ਤੇ ਦਿੱਲੀ ਤਕ ਦੀਆਂ ਸਰਕਾਰਾਂ ਨੂੰ, ਕਨੇਡਾ ਵਿਚ ਹਿੰਦੀਆਂ ਦੀ ਮੰਦੀ ਹਾਲਤ ਬਾਰੇ ਚਿੱਠੀਆਂ ਲਿਖੀਆਂ। ਹਿੰਦੀ ਭਾਈਚਾਰੇ ਲਈ ਕੀਤੀ, ਸ਼੍ਰੀ: ਨਰਿੰਦਰ ਸਿੰਘ ਗਿੱਲ ਦੀ ਘਾਲਣਾ, ਭਾਰੀਤਆਂ ਦਾ ਕੈਨੇਡਾ ਵਿਚ ਆ ਕੇ ਵਸਣ ਦੇ ਇਤਿਹਾਸ ਵਿਚ ਕੀਤੀ ਜਦੋ-ਜਹਿਦ, ਇਕ ਪੂਰਣ ਕਾਂਡ ਹੈ।

ਇਵੇਂ ਹੀ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਇੱਥੋਂ ਦੀਆਂ ਕਾਮਾਂ ਯੂਨੀਅਨਾਂ ਨਾਲ ਰਲ ਕੇ ਕੰਮ ਕੀਤਾ ਸੀ ਤੇ ਉਸ ਵੇਲੇ ਦੀ ਆਇਰਿਸ਼ ਲੀਗ ਤੇ ਸੋਸ਼ਲਿਸਟ ਪਾਰਟੀ ਨੇ ਹਿੰਦੀਆਂ ਨੂੰ ਵੋਟ ਦੇਣ ਦੇ ਹੱਕ ਵਿਚ ਆਵਾਜ਼ ਉਠਾਈ ਸੀ।

ਇੱਥੇ ਇਹ ਕਹਿ ਦੇਣਾ ਕਿ, ਨਰੰਜਣ ਸਿੰਘ ਗਰੇਵਾਲ ਦਾ ਮਿਸ਼ਨ ਬੀ.ਸੀ. ਦੀ ਕੌਂਸਲ ਵਿਚ ਬਤੌਰ ਐਲਡਰਮੈਨ ਚੁਣੇ ਜਾਣਾ, ਉਕਤ ਸਜਣਾਂ ਦੀ ਜੱਦੋ-ਜਿਹਦ ਨਾ ਨਤੀਜਾ ਹੀ ਸੀ।

1950 ਵਿਚ 'ਈਸਟ ਇੰਡੀਅਨ ਕੈਨੇਡੀਅਨ ਵੱਲਫੇਅਰ ਐਸੋਸੀਏਸ਼ਨ' ਹੋਂਦ ਵਿਚ ਆਈ। ਇਸ ਐਸੋਸੀਏਸ਼ਨ ਨੇ ਖਾਲਸਾ ਦੀਵਨ ਸੁਸਾਇਟੀ ਨਾਲ ਮਿਲ ਕੇ, ਹਿੰਦੀ ਭਾਈਚਾਰੇ ਦੀ ਭਲਾਈ ਤੇ ਬਹਿਤਰੀ ਲਾਈ ਆਪਣਾ ਯੋਗਦਾਨ ਪਾਇਆ। ਇਨ੍ਹਾਂ ਵਿਚ ਕੰਮ ਕਰਨ ਵਾਲੇ ਕੁਝ ਕੁ ਪ੍ਰਸਿੱਧ ਵਿਅਕਤੀਆਂ ਦੇ ਨਾਂ ਹਨ, ਕਰਤਾਰ ਸਿੰਘ, ਗੁਰਦਿਆਲ ਸਿੰਘ ਹੁੰਦਲ, ਕਸ਼ਮੀਰ ਸਿੰਘ ਮਨਹਾਸ, ਮੀਤੂ ਸਿੰਘ ਮਨਹਾਸ, ਸ਼੍ਰੀ ਮੁਹਿੰਦਰ ਸਿੰਘ ਧੂਤ, ਕਰਮ ਸਿੰਘ ਬੰਗਾ, ਮਹਿੰਦਰ ਸਿੰਘ ਗਿੱਲ, ਡਾ: ਗੁਰਦੇਵ ਸਿੰਘ ਗਿੱਲ, ਸਾਬੂ ਸਿੰਘ, ਕੇਸਰ ਸਿੰਘ ਭੱਟੀ, ਡਾ: ਪਾਂਡੀਆ ਆਦਿ।

ਭਾਵੇਂ ਗਦਰ ਪਾਰਟੀ, ਜਿਸ ਦਾ ਅਸਲੀ ਨਾਂ 'ਹਿੰਦੀ ਪੈਸਿਫਿਕ ਐਸੋਸੀਏਸ਼ਨ' ਸੀ, ਦਾ ਜਨਮ ਮਾਰਚ 1913 ਨੂੰ ਕੈਨੇਡਾ ਵਿਚ ਹੀ ਹੋਇਆ ਤੇ ਇਹ ਸਰਹੱਦ ਟੱਪ ਕੇ ਨਾਲ ਦੇ ਮੁਲਕ ਅਮਰੀਕਾ ਵਿਚ ਚਲੇ ਗਈ, ਤਾਂ ਵੀ ਇਸ ਵਿਚ ਖਾਲਸਾ ਦੀਵਾਨ ਸੁਸਾਇਟੀ ਦੀ ਨਿਭਾਈ ਭੂਮਿਕਾ, ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਇਸ ਦਾ ਨਾਂ ਗਦਰ ਦੇ ਕਾਰਨਾ ਕਰ ਕੇ ਪਿਆ। ਇਕ ਤਾਂ ਇਹ 'ਗਦਰ' ਨਾਂ ਦਾ ਪਰਚਾ ਕੱਢਿਆ ਕਰਦੀ ਸੀ ਤੇ ਦੂਜਾ ਇਹ ਨਾਂ ਆਮ ਲੋਕਾਂ ਲਈ ਉਚਾਰਨਾ ਬਹੁਤ ਸੌਖਾ ਸੀ। ਖਾਲਸਾ ਦੀਵਾਨ ਸੁਸਾਇਟੀ ਦਾ ਇਸ ਪਾਰਟੀ ਵਿਚ ਨਿਭਾਇਆ ਕਿਰਦਾਰ, ਇਕ ਵੱਖਰੇ ਕਾਂਡ ਦੀ ਮੰਗ ਕਰਦਾ ਹੈ।

ਨਿਚੋੜ ਵਜੋਂ ਕੁਝ ਸ਼ਬਦਾਂ ਵਿਚ ਇਹ ਹੀ ਕਿਹਾ ਜਾ ਸਕਦਾ ਹੈ ਕਿ, ਖਾਲਸਾ ਦੀਵਾਨ ਸੁਸਾਇਟੀ, ਬ੍ਰਿਟਿਸ਼ ਕੁਲੰਬੀਆ ਵਿਚ ਹਿੰਦੋਸਤਾਨੀਆਂ, ਖਾਸ ਕਰਕੇ ਸਿੱਖ ਭਾਈਚਾਰੇ ਲਈ ਇੱਕੋ ਇਕ ਸੰਸਥਾ ਸੀ ਤੇ ਹੈ ਜਿਸ ਨੇ ਧਾਰਮਕ, ਸਮਾਜੀ ਤੇ ਸਿਆਸੀ ਲੜਾਈ ਲੜ ਕੇ ਇਨ੍ਹਾਂ ਦੀ ਹੋਂਦ ਤੇ ਸਾਖ ਬਣਾਈ ਰੱਖਣ ਤੇ ਹੱਕਾਂ ਲਈ ਸੰਘਰਸ਼ ਕੀਤਾ ਤੇ ਹਰ ਮੋਰਚੇ 'ਤੇ ਜਿੱਤ ਪ੍ਰਾਪਤ ਕੀਤੀ।

ਇਸੇ ਨਾਲ ਇੱਥੇ, ਹੈਰਾਨ ਕਰ ਦੇਣ ਵਾਲੀ ਗੱਲ ਇਹ ਵੀ ਹੈ ਕਿ, ਇਕ ਛੋਟੇ ਜਿਹੇ ਭਾਈਚਾਰੇ ਨੇ, ਜਿਸ ਦੇ ਕਿ ਇਕ ਬੇਗਾਨੇ ਮੁਲਕ ਵਿਚ, ਜੜ੍ਹਾਂ ਤਾਂ ਕੀ ਹਾਲੇ ਪੈਰ ਵੀ ਨਹੀਂ ਸਨ ਲੱਗੇ, ਉਨ੍ਹਾਂ ਦਿਨਾਂ ਵਿਚ ਜਦੋਂ ਕਿ ਵੇਤਨ ਵੀ ਬਹੁਤ ਘੱਟ ਸਨ, ਜਿਸ ਨਾਲ ਮਸਾਂ ਹੀ ਗੁਜ਼ਾਰਾ ਹੁੰਦਾ ਸੀ, ਲੱਖਾਂ ਡਾਲਰ ਇਕੱਠੇ ਕਰ ਕੇ ਇਸ ਸਿਆਸੀ, ਸਮਾਜੀ ਤੇ ਧਾਰਮਿਕ ਕੰਮ ਵਿਚ ਲਾਏ ਜੋ ਕਿ ਉਨ੍ਹਾਂ ਨੂੰ ਆਪਣੀ ਜਾਨ ਤੋਂ ਵੱਧ ਪਿਆਰੇ ਸੀ।

ਹੁਣ ਇੱਥੇ, ਇਹ ਗੱਲ ਵੀ ਕਰਨ ਵਾਲੀ ਹੈ ਕਿ ਜੇ ਕਰ ਇਹ ਕੰਮ ਕਿਸੇ ਹੋਰ ਭਾਈਚਾਰੇ ਦੇ ਆਗੂਆਂ ਨੇ ਆਪਣੇ ਲੋਕਾਂ ਲਈ ਕੀਤਾ ਹੁੰਦਾ ਤਾਂ ਮੈਨੂੰ ਪੂਰਨ ਵਿਸ਼ਵਾਸ ਹੈ ਕਿ, ਉਨ੍ਹਾਂ ਨੂੰ

ਬੇਹੱਦ ਇਜ਼ਤ ਮਾਣ ਤੇ ਸਤਿਕਾਰ ਮਿਲਿਆ ਹੁੰਦਾ ਜਦੋਂ ਕਿ ਇਸ ਦੇ ਵਿਪਰੀਤ ਸਾਡੇ ਭਾਈਚਾਰੇ ਨੇ ਆਪਣੇ ਇਨ੍ਹਾਂ ਬਜ਼ੁਰਗਾਂ ਨੂੰ ਯਾਦ ਕਰਨਾ ਤਾਂ ਕੀ, ਕਦੀ ਇਨ੍ਹਾਂ ਦਾ ਨਾਂ ਤਕ ਵੀ ਨਹੀਂ ਲਿਆ। ਜੇ ਕਰ ਅੱਜ ਦੇ ਨਵੇਂ ਭਾਰਤੀ ਅਵਾਸੀ ਤੇ ਅਜੋਕੀ ਪੀੜ੍ਹੀ ਇੱਥੇ ਦਾ ਸੁਖ ਤੇ ਸੁਖਾਵੇਂ ਸੁਜੀਵਨ ਦੇ ਨਾਲ ਪ੍ਰਫੁੱਲਤਾ ਦਾ ਆਨੰਦ ਮਾਣ ਰਹੀ ਹੈ ਤਾਂ ਮੇਰੀ ਜਾਚੇ, ਇਹ ਕੋਈ ਰੱਬੀ ਦੇਣ ਨਹੀਂ, ਉਨ੍ਹਾਂ ਬਜ਼ੁਰਗਾਂ ਦੀ ਘਾਲੀ ਘਾਲਣਾ ਦਾ ਸਿੱਟਾ ਹੈ।

ਨਾਗਰਿਕਤਾ ਦੀ ਪ੍ਰਾਪਤੀ

1946 ਵਿਚ, ਬ੍ਰਿਟਿਸ਼ ਕੁਲੰਬੀਆ ਵਿਚ ਵਸਦੇ ਭਾਰਤੀਆਂ ਕੋਲ ਕੋਈ ਨਾਗਰਿਕਤਾ ਨਹੀਂ ਸੀ। ਨਾਗਰਿਕਤਾ ਅਰਥਾਤ, ਡੋਮਿਨੀਅਨ, ਪ੍ਰਾਂਤਕ ਤੇ ਨਗਰਪਾਲਿਕਾ ਚੋਣਾਂ ਵਿਚ ਵੋਟ ਪਾਉਣ ਦਾ ਹੱਕ।

ਉਨ੍ਹੀ ਦਿਨੀਂ ਚੋਣ ਪ੍ਰਬੰਧ ਕੁਝ ਇਸ ਤਰ੍ਹਾਂ ਦਾ ਸੀ ਕਿ ਪ੍ਰਾਂਤਕ ਚੋਣਾ ਵਿਚ ਵੋਟ ਪਾਉਣ ਦੇ ਹੱਕ ਦੀ ਵਰਤੋਂ ਲਈ, ਨਗਰਪਾਲਿਕਾ ਵੋਟ ਅਧੀਕਾਰ ਹੋਣਾ ਲਾਜ਼ਮੀ ਸੀ ਤੇ ਡੋਮਿਨਿਅਨ ਚੋਣਾਂ ਵਿਚ ਵੋਟ ਪਾਉਣ ਲਈ ਪ੍ਰਾਂਤਕ ਵੋਟ ਦਾ ਅਧੀਕਾਰ ਹੋਣਾ ਜ਼ਰੂਰੀ ਸੀ।

ਭਾਗ 1
ਡੁਮਿਨੀਅਨ ਤੇ ਪ੍ਰਾਂਤਕ ਨਾਗਰਿਕ ਵਿਸ਼ੇਸ਼ ਅਧੀਕਾਰ (Franchise)

ਭਾਰਤੀਆਂ ਨੂੰ ਸਵਾਏ ਬ੍ਰਿਟਿਸ਼ ਕੁਲੰਬੀਆ ਦੇ, ਕੈਨੇਡਾ ਦੇ ਹਰ ਹਿੱਸੇ ਵਿਚ ਵੋਟ ਪਾਉਣ ਦਾ ਹੱਕ ਸੀ ਜਦਕਿ 1946 ਵਿਚ ਇਨ੍ਹਾਂ ਵਿੱਚੋਂ 90% ਭਾਰਤੀ, ਬ੍ਰਿਟਿਸ਼ ਕੁਲੰਬੀਆ ਵਿਚ ਹੀ ਵਸਦੇ ਸਨ। *ਬ੍ਰਿਟਿਸ਼ ਨੌਰਥ ਅਮੈਰਿਕਨ ਐਕਟ* ਨੇ, ਪਰਾਂਤਾਂ ਨੂੰ, ਵਿਦੇਸ਼ੀਆਂ ਸੰਬੰਧੀ ਬਹੁਤ ਘੁੱਟਵੇਂ ਕਾਨੂੰਨ ਬਣਾਉਣ ਦੇ ਅਧੀਕਾਰ ਦਿੱਤੇ ਹੋਏ ਸਨ। ਦਰ ਅਸਲ, ਪ੍ਰਾਂਤਾਂ ਦਾ ਹਰ ਵਿਧਾਨਕ ਪੱਖਪਾਤ, ਸਰਾਸਰ ਨਸਲੀ ਅਧਾਰ 'ਤੇ ਸੀ।

ਦੇਸੀਕਰਣ ਕਾਨੂੰਨ ਅਧੀਨ, ਯੌਰਪੀਨ ਵਿਦੇਸ਼ੀਆਂ ਨੂੰ, ਕੈਨੇਡਾ ਵਿਚ ਪੰਜ ਸਾਲ ਦੀ ਰਿਹਾਇਸ਼ ਬਾਅਦ, ਪੂਰਨ ਨਾਗਰਿਕਤਾ ਪ੍ਰਾਪਤ ਕਰਨ ਦਾ ਪੂਰਾ ਅਧੀਕਾਰ ਸੀ ਜਦਕਿ, ਬ੍ਰਿਟਿਸ਼ ਰਈਅਤ ਦੇ ਮੁਆਮਲੇ ਵਿਚ, ਸਿਰਫ਼ ਇਕ ਸਾਲ ਦਾ ਨਿਵਾਸ ਹੋਣਾ ਚਾਹੀਦਾ ਸੀ।

ਬ੍ਰਿਟਿਸ਼ ਕੁਲੰਬੀਆ ਵਿਚ ਚੀਨੀਆਂ ਤੇ ਆਦਿਵਾਸੀਆਂ ਨੂੰ 1874, ਜਪਾਨੀਆਂ ਨੂੰ 1895 ਤੇ ਹਿੰਦੀਆਂ ਨੂੰ 1907 ਵਿਚ, ਵੋਟ ਪਾਉਣ ਲਈ ਰਜਿਸਟਰ ਕਰਵਾਉਣ ਜਾਂ ਨਸਲੀ ਆਧਾਰ 'ਤੇ ਵੋਟ ਪਾਉਣ ਲਈ ਵਰਜ ਦਿੱਤਾ ਗਿਆ ਸੀ।

ਭਾਵੇਂ ਹਿੰਦੀ ਜਨਮ ਤੋਂ ਬ੍ਰਤਾਨਵੀ ਰਈਅਤ ਸਨ, ਨਾ ਸਿਰਫ ਉਨ੍ਹਾਂ ਨੂੰ ਇਕ ਸਾਲ ਬਾਅਦ ਨਾਗਰਿਕ ਬਣਨ ਦੇ ਵਿਸ਼ੇਸ਼ ਅਧੀਕਾਰ ਤੋਂ ਵਾਂਝੇ ਕਰ ਦਿੱਤਾ ਗਿਆ ਸੀ ਬਲਕਿ ਪੰਜ ਸਾਲ ਦੀ ਰਿਹਾਇਸ਼ ਵਾਲਾ ਹੱਕ ਵੀ ਖੋਹ ਲਿਆ ਗਿਆ ਸੀ। ਇਸ ਤਰ੍ਹਾਂ ਇਨ੍ਹਾਂ ਨੂੰ ਬ੍ਰਿਟਿਸ਼ ਕੁਲੰਬੀਆ ਵਿਚ ਨਾਗਰਿਕ ਬਣ ਸਕਣ ਤੋਂ ਪੂਰਨ ਤੌਰ 'ਤੇ ਵੰਚਿਤ ਕਰ ਦਿੱਤਾ ਗਿਆ ਸੀ। ਤਾਂ ਵੀ, ਦੁਨੀਆਂ ਦੀ ਪਹਿਲੀ ਲੜਾਈ ਤੋਂ ਬਾਅਦ, ਉਕਤ ਨਸਲਾਂ ਵਿੱਚੋਂ ਉਨ੍ਹਾਂ ਨੂੰ, ਜਿਨ੍ਹਾਂ ਨੇ, ਫੌਜੀ ਨੌਕਰੀ ਤੇ ਲੜਾਈ ਵਿਚ ਭਾਗ ਲਿਆ ਸੀ, ਫੈਡਰਲ ਚੋਣਾਂ ਵਿਚ ਵੋਟ ਪਾਉਣ ਦਾ ਅਧੀਕਾਰ ਦੇ ਦਿੱਤਾ ਗਿਆ ਪਰ, ਨਗਰਪਾਲਿਕਾ ਵਿਚ ਨਹੀਂ।

ਹਿੰਦੀ ਕਿਉਂਕਿ ਬ੍ਰਿਟਿਸ਼ ਕੁਲੰਬੀਆਂ ਵਿਚ ਵੋਟ ਨਹੀਂ ਪਾ ਸਕਦੇ ਸਨ, ਇਸ ਤੱਥ ਕਾਰਨ ਉਹ ਆਪਣੇ ਆਪ, ਡੁਮਿਨੀਅਨ ਚੋਣ ਐਕਟ ਅਧੀਨ, ਡੁਮਿਨੀਅਨ ਨਾਗਰਿਕ ਅਧੀਕਾਰਾਂ ਤੋਂ ਵੰਚਿਤ ਹੋ ਗਏ ਸਨ। ਪ੍ਰਾਂਤਕ ਨਾਗਰਿਕ ਵਿਸ਼ੇਸ਼ ਅਧੀਕਾਰਾਂ ਦਾ ਇਨਕਾਰ, ਨਾ ਸਿਰਫ਼ ਉਨ੍ਹਾਂ ਨੂੰ ਮੁਢਲੇ ਵੋਟਾਂ ਦੇ ਹੱਕ ਤੋਂ ਵੰਚਿਤ ਕਰਦਾ ਸੀ ਸਗੋਂ ਹੋਰ ਵੀ ਕਈਆਂ ਸਹੂਲਤਾਂ ਤੋਂ ਵਾਂਝੇ ਰੱਖਦਾ ਸੀ ਜੋ ਕੁਲ ਮਿਲਾ ਕੇ ਵੀਹ ਕੁ ਦੇ ਕਰੀਬ ਬਣਦੀਆਂ ਹਨ। ਇਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ, ਉਨ੍ਹਾਂ ਦਾ ਵੋਟ ਰਜਿਸਟਰ ਨਾ ਕਰਵਾ ਸਕਣਾ ਜਾਂ ਵੋਟ ਪਾਉਣਾ। ਕਿਸੇ ਚੋਣਵੇਂ ਆਹੁਦੇ ਲਈ ਚੋਣ ਲੜਨ ਲਈ ਖੜ੍ਹੇ ਹੋਣਾ। ਕਿਸੇ ਪੇਸ਼ੇ ਵਿਚ ਦਾਖ਼ਲ ਹੋਣਾ। ਕਿਸੇ ਸਰਕਾਰੀ ਨੌਕਰੀ ਜਾਂ ਆਹੁਦੇ ਲਈ ਬੋਲੀ ਦੇਣੀ ਜਿਸ 'ਤੇ ਸਰਕਾਰੀ ਖਰਚ ਆਉਂਦਾ ਜਾਂ ਉਸ 'ਤੇ ਨਿਰਭਰ ਹੋਵੇ।

ਹਿੰਦੂ (ਹਿੰਦੀ) ਵੋਟ ਨਹੀਂ ਪਾ ਸਕਣਗੇ।

ਮਾਰਚ 1907 ਨੂੰ, ਬੀ.ਸੀ. ਸਰਕਾਰ ਨੇ, ਬ੍ਰਤਾਨਵੀ ਹਿੰਦੋਸਤਾਨੀਆਂ ਨੂੰ ਵੋਟ ਦੇ ਅਧੀਕਾਰ ਤੋਂ ਵਾਂਝੇ ਰੱਖਣ ਲਈ "ਪ੍ਰਾਂਤਕ ਵੋਟਰਜ਼ ਐਕਟ" ਵਿਚ ਹੇਠ ਲਿਖਿਆਂ ਤਰਮੀਮਾਂ ਕੀਤੀਆਂ।
2:- ਕਾਂਡ 17, 1903-04 ਦੇ ਨਿਯਮ "ਪ੍ਰਾਂਤਕ ਚੋਣ ਐਕਟ" ਦੇ ਸੈੱਕਸ਼ਨ 3 ਵਿਚ ਇਹ ਵਾਧਾ ਕਰ ਕੇ ਤਰਮੀਮ ਕੀਤਾ ਜਾਂਦਾ ਹੈ ਕਿ -' ਸ਼ਬਦ 'ਹਿੰਦੂ' ਦਾ ਅਰਥ, ਹਿੰਦੋਸਤਾਨ ਵਿਚ ਜੰਮੇ ਸਾਰੇ ਵਾਸੀਆਂ ਲਈ ਹੈ ਜੋ ਐਂਗਲੋ- ਸੈਕਸਨ ਮਾਪਿਆਂ ਤੋਂ ਨਹੀਂ ਪੈਦਾ ਹੋਏ ਤੇ ਉਹ ਸਾਰੇ ਇਸ ਦੇ ਘੇਰੇ ਵਿਚ ਹਨ ਭਾਵੇਂ ਉਹ ਬ੍ਰਤਾਨਵੀ ਰਈਅਤ ਹਨ ਜਾਂ ਨਹੀਂ।
<u>ਸੈੱਕਸ਼ਨ 6 ਦੀ ਤਰਮੀਮ-</u>
3:- ਕਾਂਡ 17 ਦੇ ਸੈਕਸ਼ਨ 6 ਦੀ ਪਹਿਲੀ ਸਤਰ ਵਿਚ, ਜਪਾਨੀਆਂ ਤੋਂ ਬਾਅਦ ਸ਼ਬਦ ਹਿੰਦੂ ਲਿਖ ਕੇ ਇਸ ਤਰ੍ਹਾਂ ਤਰਮੀਮ ਕੀਤਾ ਜਾਂਦਾ ਹੈ - "ਕੋਈ ਵੀ ਹਿੰਦੂ ਵੋਟਰਾਂ ਦੇ ਰਜਿਸਟਰ ਦੇ ਪੰਨਾਂ 69 'ਤੇ ਦਰਜ ਨਹੀਂ ਕੀਤਾ ਜਾਵੇਗਾ।"
1911 ਦੇ ਆਰ.ਐੱਸ.ਬੀ.ਸੀ. ਕਾਂਡ 72 ਵਿਚ ਦਰਜ ਹੈ-
7:- ਕੋਈ ਵੀ ਚੀਨੀ, ਜਪਾਨੀ, ਹਿੰਦੂ ਜਾਂ ਇੰਡੀਅਨ, ਕਿਸੇ ਵੀ ਚੋਣ ਵਿਚ, ਕਿਸੇ ਵੀ ਚੋਣ ਹਲਕੇ ਲਈ, ਵੋਟਰਾਂ ਦੇ ਰਜਿਸਟਰ ਵਿਚ ਆਪਣਾ ਨਾਂ ਦਰਜ ਕਰਵਾਉਣ ਜਾਂ ਵੋਟ ਪਾਉਣ ਦਾ ਹੱਕ ਨਹੀਂ ਰੱਖ ਸਕੇਗਾ। 2: 1903-04 C. 17, S 6; 1907, C.16 S.3
ਚੀਨੀ, ਜਪਾਨੀ ਜਾਂ ਇੰਡੀਅਨ ਵੋਟ ਨਹੀਂ ਪਾ ਸਕੇਗਾ।

1908 ਦੇ (ਨਗਰਪਾਲਿਕਾ) ਚੋਣਕਾਰ ਤੇ ਚੋਣਾਂ ਦੇ ਕਾਂਡ 14 ਵਿਚ ਦਰਜ ਹੈ-
13 (1) ਨਾ ਕੋਈ ਚੀਨੀ, ਜਪਾਨੀ ਜਾਂ ਦੂਸਰਾ ਏਸ਼ੀਆਈ ਜਾਂ ਇੰਡੀਅਨ ਕਿਸੇ ਵੀ ਨਗਰਪਾਲਿਕਾ ਚੋਣਾਂ ਵਿਚ ਮੇਅਰ, ਰੀਵੀ, ਐਲਡਰਮੈਨ ਜਾਂ ਕੌਂਨਸਲਰ ਲਈ ਵੋਟ ਪਾਉਣ ਦਾ ਅਧੀਕਰ ਨਹੀਂ ਰੱਖਦਾ।
ਚੀਨੀ, ਜਪਾਨੀ ਤੇ ਹੋਰ ਏਸ਼ੀਆਈ ਤੇ ਇੰਡੀਅਨ ਵੰਚਿਤ ਹਨ।
ਤਾਂ ਵੀ, ਇਸ ਵਿਧਾਨ-ਸਭਾ ਦੇ ਕਿਸੇ ਹੋਰ ਐਕਟ ਵਿਚ ਦਰਜ, ਕੋਈ ਵੀ ਵਿਅਕਤੀ ਜੋ ਕਿ ਬ੍ਰਤਾਨਵੀ ਰਈਅਤ ਨਹੀਂ, ਦਾ ਨਾਂ, ਨਾਗਪਾਲਿਕਾ ਵੋਟਰਾਂ ਦੀ ਸੂਚੀ ਵਿਚ ਦਰਜ ਨਹੀਂ ਕੀਤਾ ਜਾ ਸਕੇਗਾ ਤੇ ਨਾ ਹੀ ਐਸਾ ਕੋਈ ਵਿਅਕਤੀ ਇਸ ਪ੍ਰਾਂਤ ਦੀਆਂ ਨਾਗਪਾਲਿਕਾ ਚੋਣਾ ਵਿਚ ਵੋਟ ਪਾ ਸਕੇਗਾ। 1902, C. 53 S.1.
ਸਿਰਫ ਬ੍ਰਤਾਨਵੀ (ਰਈਅਤ) ਹੀ ਵੋਟ ਪਾਉਣ ਦੇ ਹੱਕਦਾਰ ਹਨ। ਪੰਨਾ 54।

ਬ੍ਰਿਟਿਸ਼ ਕੁਲੰਬੀਆ ਦੇ ਭਾਰਤੀ ਭਾਈਚਾਰੇ ਨੇ ਇਸ ਨਸਲੀ, ਛੇਕਣ ਤੇ ਵਿਤਕਰੇ ਵਾਲੇ ਕਾਨੂੰਨ ਦੀ ਮੁੱਢ ਤੋਂ ਹੀ ਬੜੀ ਸਖਤ ਵਿਰੋਧਿਤਾ ਕੀਤੀ ਤੇ ਇਕ ਮੁਹਿੰਮ ਅਰੰਭੀ। ਬਹੁਤ ਸਾਰੇ ਬਦੇਸ਼ੀ ਪਤਵੰਤੇ ਸੱਜਣ ਤੇ ਸਥਾਨਿਕ ਪ੍ਰਸਿੱਧ ਵਿਅਕਤੀਆਂ ਨੇ ਭਾਰਤੀਆਂ ਦੇ ਪੱਖ ਵਿਚ, ਓਟਵਾ ਤੇ ਵਿਕਟੋਰੀਆ ਵਿਚ ਆਵਾਜ਼ ਉਠਾਈ ਪਰ, ਇਹ ਸਾਰੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ। ਦੁਨੀਆਂ ਦੀ ਪਹਿਲੀ ਲੜਾਈ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਸ਼੍ਰੀ. ਆਰਥਰ ਮਿਹਗਨ ਨੇ ਲੰਡਨ ਵਿਚ ਹੋਈ ਇਮਪੀਰੀਅਲ ਕਾਨਫ਼ਰੰਸ ਵਿਚ ਭਾਰਤੀਆਂ ਨੂੰ ਨਾਗਰਿਕ ਹੱਕ ਦੇਣ ਦੀ ਪ੍ਰਤਿਗਿਆ ਕੀਤੀ ਪਰ ਆਪਣੇ ਵਚਨ ਪੂਰੇ ਨਾ ਕਰ ਸਕਿਆ।
1922 ਵਿਚ ਸ਼੍ਰੀ. ਮਕੈਨਜ਼ੀ ਕਿੰਗ ਨੇ, ਪੂਜਨੀਕ ਸ਼੍ਰੀਮਾਨ ਸਰੀਨਵਾਸਾ ਸੱਤਰੀ ਨੂੰ ਇਕ ਖਤ ਰਾਹੀਂ ਇਵੇਂ ਯਕੀਨ ਦਲਵਾਇਆ-
"... ਕਿਤੇ ਸ਼ੀਗਰ ਹੀ ਤੇ ਅਨਕੂਲ ਮੌਕੇ ਸਿਰ, ਸਰਕਾਰ, ਕੈਨੇਡਾ ਵਿ ਵਸਦੇ ਹਿੰਦੋਸਤਾਨੀ ਨਾਗਰਿਕਾਂ ਨੂੰ ਡੁਮਿਨੀਅਨ ਨਾਗਰਿਕ ਹੱਕ, ਉਨ੍ਹਾਂ ਸ਼ਰਤਾਂ ਅਤੇ ਹਾਲਾਤ 'ਤੇ,

ਜਿਨ੍ਹਾਂ 'ਤੇ ਆਮ ਕੈਨੇਡੀਅਨ ਨਾਗਰਿਕਾਂ ਨੂੰ ਮਿਲੇ ਹਨ, ਦੇਣ ਲਈ, ਸੰਸਦ ਦਾ ਵਿਚਾਰ ਲੈਣ ਲਈ ਬੁਲਾਵਾ ਭੇਜਣ ਵਿਚ ਖੁਸ਼ੀ ਲਵੇਗੀ। ...।"

ਇਹ ਵਚਨ ਵੀ, 1939-1940 ਦੀ ਇਲੈਕਸ਼ਨ ਐਕਟ ਦੀ ਤਰਮੀਮ ਵਿਚ, ਤਰਮੀਮ ਕਰ ਕੇ ਪੂਰਾ ਨਾ ਕੀਤਾ ਗਿਆ। ਦੁਨੀਆਂ ਦੀ ਦੂਜੀ ਲੜਾਈ ਤੋਂ ਬਾਅਦ, ਕੈਨੇਡਾ ਕੀ ਸਾਰੇ ਸੰਸਾਰ ਦੇ ਲੋਕਾਂ ਨੇ ਇਨ੍ਹਾਂ ਨਸਲਵਾਦੀ ਕਨੂੰਨਾਂ ਦੀ ਐਨੀ ਸਖਤ ਵਿਰੋਧਤਾ ਕੀਤੀ ਕਿ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਨੂੰ ਬਦਲਣ 'ਤੇ ਮਜਬੂਰ ਹੋਣਾ ਹੀ ਪਿਆ। ਅੰਤ 1946 ਵਿਚ ਹਿੰਦੀਆਂ ਨੂੰ ਡੁਮਿਨੀਅਨ ਨਾਗਰਿਕਤਾ ਦੇਣ ਬਾਰੇ ਵਿਚਾਰ ਕੀਤਾ ਗਿਆ।

ਬ੍ਰਿਟਿਸ਼ ਕੁਲੰਬੀਆ ਵਿਧਾਨ ਸਭਾ ਨੇ ਆਪਣੇ 1946 ਦੇ ਇਜਲਾਸ ਵਿਚ, ਸ਼੍ਰੀ: ਆਰ. ਹੈੱਚ. ਕਾਰਸਨ ਦੀ ਪ੍ਰਧਾਨਗੀ ਹੇਠ ਸੱਤ ਮੈਂਬਰੀ, ਸਾਰੀਆਂ ਪਾਰਟੀਆਂ ਦੀ ਸਾਂਝੀ, ਇਲੈਕਸ਼ਨ ਐਕਟ ਵਿਚ ਤਰਮੀਮ ਦੀ ਸਫਾਰਸ਼ ਲਈ ਇਕ ਇਲੈਕਸ਼ਨ ਐਕਟ ਕਮੇਟੀ ਬਣਾਈ। ਇਹ ਉਹ ਮੌਕਾ ਸੀ ਜਦੋਂ, ਜਿੱਥੇ ਸਾਰੇ ਘੱਟ ਗਿਣਤੀ ਸਮੂਹਾਂ ਨੂੰ ਜੋ, ਨਾਗਰਿਕਤਾ ਵਿਸ਼ੇਸ਼ ਅਧੀਕਾਰ ਨਹੀਂ ਮਾਣ ਸਕਦੇ ਸਨ, ਆਪਣੇ ਆਪਣੇ ਕੇਸ ਆਪਣੇ ਪ੍ਰਤੀਨਿੱਧਾਂ ਰਾਹੀਂ, ਇਸ ਕਮੇਟੀ ਸਾਹਮਣੇ ਰੱਖ ਸਕਦੇ ਸਨ। ਇਹ ਸੁਣਵਾਈ, ਆਮ ਜੰਤਾ ਵਿਚ ਹੋਣੀ ਸੀ ਤੇ ਲੋਕਾਂ ਦੇ ਵਿਚਾਰ ਵੀ ਲਏ ਜਾਣੇ ਸੀ।

31 ਅਕਤੂਬਰ ਤੇ ਇਕ ਨਵੰਬਰ 1946 ਨੂੰ ਇਸ ਕਮੇਟੀ ਦੀ ਇਕੱਤਰਤਾ ਵੈਨਕੂਵਰ ਦੇ ਕਚਿਹਰੀ ਘਰ ਵਿਚ ਹੋਈ। ਜਿੱਥੇ ਕਈ ਜੱਥੇਬੰਦੀਆਂ ਨੇ, ਹਿੰਦੀਆਂ ਨੂੰ, ਜੋਕਿ ਜਨਮ ਤੋਂ ਬ੍ਰਤਾਨਵੀ ਰਈਅਤ ਹਨ, ਨਾਗਰਿਕ ਵਿਸ਼ੇਸ਼ ਅਧੀਕਾਰ ਦੇਣ ਦੀ ਸਿਫਾਰਿਸ਼ ਕੀਤੀ।

ਹਿੰਦੀ (ਈਸਟ ਇੰਡੀਅਨਜ਼) ਭਾਈਚਾਰੇ ਵਲੋਂ, ਸ਼੍ਰੀ: ਕਪੂਰ ਸਿੰਘ, ਸ਼੍ਰੀ: ਕਰਤਾਰ ਸਿੰਘ, ਸ਼੍ਰੀ: ਮੈਓ (ਮੀਯਾ) ਸਿੰਘ, ਸ਼੍ਰੀ: ਈਸ਼ਰ ਸਿੰਘ, ਸ਼੍ਰੀ: ਗੁਰਦਿੱਤ ਸਿੰਘ, ਸ਼੍ਰੀ: ਨਗਿੰਦਰ ਸਿੰਘ ਤੇ ਡਾਕਟਰ ਪਾਂਡੀਆ ਦਾ ਇਕ ਵਫ਼ਦ ਇਸ ਇਲੈਕਸ਼ਨ ਐਕਟ ਕਮੇਟੀ ਨੂੰ ਮਿਲਿਆ।
ਇਲੈਕਸ਼ਨ ਐਕਟ ਕਮੇਟੀ ਨੇ ਹਿੰਦੀਆਂ ਤੇ ਚੀਨੀਆਂ ਨੂੰ ਨਾਗਰਿਕ ਵਿਸ਼ੇਸ਼ ਅਧੀਕਾਰ ਦੇਣ ਦੀ ਸਫ਼ਾਰਿਸ਼ ਕੀਤੀ।

ਇਲੈਕਸ਼ਨ ਕਮੇਟੀ ਦੀ ਇਹ ਸਫਾਰਿਸ਼, ਮਾਰਚ ਵਿਚ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ ਤੇ ਸਰਕਾਰ ਨੇ ਇਸ ਨੂੰ ਬਿੱਲ 85 ਵਿਚ ਰੱਖ ਲਿਆ। ਬਿੱਲ 85 ਦੀ ਸਭ ਤੋਂ ਮਹੱਤਵਪੂਰਨ ਤਰਮੀਮ, ਇਲੈਕਸ਼ਨ ਐਕਟ ਦੇ ਸੈਕਸ਼ਨ 5 a ਨੂੰ ਤਰਮੀਮ ਕਰਨਾ ਸੀ ਜੋ ਇਸ ਤਰ੍ਹਾਂ ਸੀ- "ਕਿਸੇ ਵੀ ਚੋਣ ਵਿਚ ਇਹ ਵਿਅਕਤੀ ਅਯੋਗ ਸਮਝੇ ਜਾਣਗੇ ਤੇ ਨਾ ਹੀ ਉਹ, ਕਿਸੇ ਵੀ ਵੋਟਰ ਲਿਸਟ ਵਿਚ ਆਪਣਾ ਨਾਂ ਦਰਜ ਕਰਨ ਲਈ ਦਰਖਾਸਤ ਦੇ ਸਕਣਗੇ। ਉ: ਹਰ ਚੀਨੀ, ਜਪਾਨੀ ਜਾਂ ਹਿੰਦੂ ਜਾਂ ਇੰਡੀਅਨ: ਬਸ਼ਰਤੇਕਿ ਇਸ ਪੈਰਾਗ੍ਰਾਫ਼ ਦਾ ਇੰਤਜ਼ਾਮ ਇਨ੍ਹਾਂ ਨੂੰ ਵੋਟ ਪਾਉਣ ਤੋਂ ਰੱਦ ਜਾਂ ਵੰਚਿਤ ਨਹੀਂ ਕਰਦਾ, ਉਹ ਵਿਅਕਤੀ ਜਿਨ੍ਹਾਂ ਕੈਨੇਡਾ ਦੀ ਨੇਵੀ, ਮਿਲਟਰੀ ਜਾਂ ਏਅਰ ਫੋਰਸ 1914 ਤੋਂ 1918 ਦੇ ਵਿਸ਼ਵ ਯੁੱਧ ਵਿਚ ਭਾਗ ਲਿਆ।"

ਬਿੱਲ 85 ਦੀ ਇਸ ਤਰਮੀਮ ਦੀ ਧਾਰਾ 14 ਨੇ ਉਕਤ ਸੈਕਸ਼ਨ ਦੀ ਧਾਰਾ a ਨੂੰ, " ਚੀਨੀਆਂ ਤੇ ਹਿੰਦੂਆਂ ਨੂੰ ਨਾਗਰਿਕ ਵਿਸ਼ੇਸ਼ ਅਧੀਕਾਰ ਤੇ ਵੋਟ ਪਾਉਣ ਤੋਂ ਵੰਚਿਤ ਕਰਨ" ਰੱਦ ਕਰ ਦਿੱਤਾ।

ਇਸ ਇਲੈਕਸ਼ਨ ਐਕਟ ਦੀ ਤਬਦੀਲੀ ਨਾਲ ਬੜੇ ਚਿਰਾਂ ਤੋਂ ਚਲਦਾ ਆ ਰਹਾ ਵਿਤਕਰਾ ਖਤਮ ਹੋ ਗਿਆ। ਅੰਤ ਬੀ.ਸੀ. ਦੇ ਹਿੰਦੀ, ਨਗਰਿਕਤਾ ਤੇ ਵੋਟ ਪਾਉਣ ਦੇ ਉਚੇਚੇ ਹੱਕ ਨੂੰ ਵਰਤਣ ਵਿਚ ਕਾਮਯਾਬ ਹੋ ਗਏ।

ਇਹ ਗੱਲ ਧਿਆਨ ਯੋਗ ਹੈ ਕਿ ਪ੍ਰਾਂਤੀ ਨਾਗਰਿਕ ਵਿਸ਼ੇਸ਼ ਅਧੀਕਾਰ ਮਿਲਣ ਨਾਲ, ਹਿੰਦੀਆਂ ਨੂੰ, ਡੁਮਿਨੀਅਨ ਵਿਸ਼ੇਸ਼ ਅਧੀਕਾਰ ਆਪਣੇ ਆਪ ਹਾਸਲ ਹੋ ਗਏ ਤੇ ਇਸ ਨਾਲ ਉਹ ਸਾਰੀਆਂ ਰੁਕਾਵਟਾਂ ਦੂਰ ਹੋ ਗਈਆਂ ਜੋ ਇਨ੍ਹਾਂ ਨੂੰ ਇਨ੍ਹਾਂ ਹੱਕਾਂ ਦੀ ਵਰਤੋਂ ਤੋਂ ਰੋਕ ਰਹੀਆਂ ਸਨ।

2 ਅਪਰੈਲ 1947, ਹਿੰਦੀ ਭਾਈਚਾਰੇ ਦੇ ਇਤਿਹਾਸ ਵਿਚ ਸਦਾ ਹੀ ਇਕ ਯਾਦਗਾਰੀ ਦਿਨ ਰਹੇਗਾ ਜਿਸ ਦਿਨ ਹਿੰਦੀਆਂ ਨੂੰ ਕੈਨੇਡਾ ਵਿਚ ਸਿਆਸੀ ਆਜ਼ਾਦੀ ਤੇ ਡੁਮਿਨੀਅਨ ਤੇ ਪ੍ਰਾਂਤਿਕ ਕਾਨੂੰਨ ਅਧੀਨ ਨਾਗਰਿਕਤਾ ਦੀ ਬਰਾਬਰਤਾ ਪ੍ਰਾਪਤ ਹੋਈ ਸੀ।

ਭਾਗ 2
ਨਗਰਪਾਲਿਕ ਨਾਗਰਿਕ ਵਿਸ਼ੇਸ਼ ਅਧੀਕਾਰ (Franchise)

ਡੁਮਿਨੀਅਨ ਤੇ ਪ੍ਰਾਂਤਕ ਨਾਗਰਿਕ ਵਿਸਸ਼ੇਸ਼ ਅਧੀਕਾਰਾਂ ਦੀ ਪ੍ਰਾਪਤੀ ਤੋਂ ਬਾਅਦ ਵੀ ਇਕ ਵੱਡੀ ਔਕੜ ਜੋ ਰਹਿ ਗਈ ਸੀ ਉਹ ਸੀ, 'ਨਗਰਪਾਲਿਕ ਮੁਆਮਲਿਆਂ ਵਿਚ ਵੋਟ ਪਾਉਣ ਦਾ ਹੱਕ।'

ਵੈਨਕੂਵਰ ਤੋਂ ਬਿਨਾ, ਬ੍ਰਟਿਸ਼ ਕੁਲੰਬੀਆਂ ਦੀਆਂ ਸਾਰੀਆਂ ਨਗਰਪਾਲਿਕਾਵਾਂ, "ਮਿਉਨਸਪਲ ਇਲੈਕਸ਼ਨ ਐਕਟ" ਅਧੀਨ ਹਨ। ਉਹ ਨਾਗਰਿਕ ਤੇ ਵਿਸ਼ੇਸ਼ ਨਾਗਰਿਕ ਅਧੀਕਾਰਾਂ ਦੇ ਮੁਆਮਲਿਆਂ ਵਿਚ ਖੁਦਮੁਖ਼ਤਾਰ ਹਨ। ਵੈਨਕੂਵਰ ਸ਼ਹਿਰ ਦੇ, "ਵੈਨਕੂਵਰ ਇਨਕਾਰਪੋਰੇਸ਼ਨ ਐਕਟ" ਅਧੀਨ ਆਪਣਾ ਸੰਵਿਧਾਨ (ਚਾਰਟਰ) ਹੈ। ਇਹ ਐਕਟ ਤੇ ਮਉਨਿਸਪਲ ਇਲੈਕਸ਼ਨ ਐਕਟ ਵਿਚ ਧਾਰਾਵਾਂ ਹਨ ਜੋ ਹਿੰਦੀਆਂ ਨੂੰ ਵੋਟ ਦੇ ਹੱਕ ਤੋਂ ਵੰਚਿਤ ਰਖਦੀਆਂ ਹਨ। ਇਹ ਧਾਰਾਵਾਂ ਨਗਰਪਾਲਿਕਾਵਾਂ ਦੀ ਸਾਂਝੀ ਸੰਸਥਾ ਦੀ ਸਿਫਾਰਿਸ਼ 'ਤੇ ਹੀ ਬਦਲੀਆਂ ਜਾ ਸਕਦੀਆਂ ਹਨ ਜੋ ਬਾਅਦ ਵਿਚ ਪ੍ਰਾਂਤਕ ਵਿਧਾਨ ਸਭਾ ਵਲੋਂ ਵਰਤੋਂ ਵਿਚ ਲਿਆਈਆਂ ਜਾਂਦੀਆਂ ਹਨ।

ਮਿਉਨਸੀਪੈਲੇਟੀਆਂ ਦੀ ਵਿਧਾਨਕ ਸਭਾ, 15, 16 ਤੇ 17 ਸਤੰਬਰ 1947 ਨੂੰ ਹੈਰੀਸਨ ਹੌਟ ਸਪਰਿੰਗ ਵਿਚ ਇਕੱਤਰ ਹੋਈ। ਉੱਥੇ, ਬੀ.ਸੀ. ਮਿਉਨਸੀਪੈਲੇਟੀਆਂ ਦੀ ਯੂਨੀਅਨ ਨੇ ਇਸ ਐਕਟ ਨੂੰ ਬਦਲਣ ਦਾ ਪਰਸਤਾਵ ਪੇਸ਼ ਕੀਤਾ। ਇਜਲਾਸ ਵਿਚ, ਛੇਤੀ ਤੋਂ ਛੇਤੀ, ਫ੍ਰੈਂਚਾਇਜ਼ ਦੀ ਤਰਮੀਮ ਦਾ ਜ਼ਿਕਰ ਲਿਆਉਣਾ, ਹਿੰਦੀ ਭਾਈਚਾਰੇ ਲਈ ਫਿਕਰ ਵਾਲੀ ਗੱਲ ਸੀ। ਇਸ ਦੇ ਪੇਸ਼ ਕਰਨ ਲਈ, ਮੁਢਲੇ ਲੁੜੀਂਦੇ ਕਦਮ, ਚਿੱਠੀ-ਪੱਤਰ ਰਾਹੀਂ ਪਹਿਲਾਂ ਹੀ ਪੱਕੇ ਕਰ ਲਏ ਗਏ ਸੀ। ਡਾ: ਪਾਂਡੀਆ ਨੇ ਵਿਕਟੋਰੀਆ ਮਿਉਨਸੀਪੈਲੇਟੀ ਤੇ ਸ਼੍ਰੀ: ਕਪੂਰ ਸਿੰਘ ਨੇ ਬਰਨਬੀ ਦੀ ਮਿਉਨਸੀਪੈਲੇਟੀ ਨੂੰ ਚਿੱਠੀਆਂ ਲਿਖ ਕੇ ਇਸ ਦੀ ਜ਼ਾਮਨੀ ਭਰਨ ਤੇ 15 ਜੁਲਾਈ ਨੂੰ , ਮਿਉਨਸੀਪੈਲੇਟੀਆਂ ਦੀ ਯੂਨੀਅਨ ਦੀ ਕਨਵੈਨਸ਼ਨ ਦੇ ਸਕੱਤਰ ਨੂੰ ਅਜੰਡੇ ਵਿਚ ਸ਼ਾਮਿਲ ਕਰਨ ਲਈ ਕਹਿ ਦਿੱਤਾ ਸੀ।

ਹੇਠ ਲਿਖਿਆ ਉਹ ਮਤਾ ਹੈ ਜਿਸ ਦੀ ਜ਼ਾਮਨੀ ਵਿਕਟੋਰੀਆਂ ਦੇ ਮੇਅਰ ਜੋਰਜ ਨੇ ਭਰੀ ਤੇ ਮਿਉਨਸੀਪੈਲੇਟੀਆਂ ਦੇ ਸਮੇਲਨ ਦੇ ਅਜੰਡੇ ਵਿਚ ਪਾਇਆ ਸੀ।

"ਜਦਕਿ, ਹੁਣੇ ਹੀ ਡੁਮਿਨੀਅਨ ਅਤੇ ਪ੍ਰਾਂਤਕ ਵਿਧਾਨ ਸਭਾਵਾਂ ਨੇ ਇਕ ਕਾਨੂੰਨ ਬਣਾਇਆ ਹੈ ਜਿਸ ਰਾਹੀਂ ਹਿੰਦੂਆਂ ਲਈ, ਡੁਮਿਨੀਅਨ ਤੇ ਪ੍ਰਾਂਤਕ ਚੋਣਾਂ ਵਿਚ, ਵੋਟ ਪਾਉਣ ਦੇ ਅਧਿਕਾਰੀ ਬਣਾ ਦਿੱਤੇ ਗਏ ਹਨ ਅਤੇ ਨਾਗਪਾਲਿਕ ਉਪ-ਨਿਯਮਾਂ 'ਤੇ ਵੀ ਵੋਟ ਪਾ ਸਕਦੇ ਹਨ ਜੇਕਰ ਉਹ, ਢੁਕਵੇਂ ਢੰਗ ਨਾਲ ਹੱਕਦਾਰ ਬਣੇ ਹੋਣ। ਪਰ, ਬ੍ਰਿਟਿਸ਼ ਕੁਲੰਬੀਆ ਦੇ ਸੋਧੇ ਕਾਂਡ 83 ਦੇ ਮਿਉਨਸੀਪਲ ਇਲੈਕਸ਼ਨ ਐਕਟ ਦੇ ਸੈਕਸ਼ਨ 4 ਅਧੀਨ ਉਨਾਂ 'ਤੇ ਇਸ ਗੱਲ ਦੀ ਪਾਬੰਦੀ ਹੈ।"

ਜਦਕਿ, ਇਸ ਕਹੇ ਸੂਕਸ਼ਨ 4 ਅਨੁਸਾਰ, "ਨਾ ਚੀਨੀ, ਜਪਾਨੀ ਜਾਂ ਕੋਈ ਹੋਰ ਏਸ਼ੀਆਈ ਜਾਂ ਇੰਡੀਅਨ ਕਿਸੇ ਵੀ ਨਾਗਪਾਲਿਕ ਚੋਣ ਵਿਚ, ਮੇਅਰ, ਰੀਵ, ਐਲਡਰਮੈਨ ਜਾਂ ਕੌਨਸਲਰ ਲਈ ਵੋਟ ਪਾ ਸਕਦਾ ਹੈ।"

ਅਤੇ ਜਦਕਿ, ਹਿੰਦੂਆਂ ਨੇ ਬ੍ਰਟਿਸ਼ ਕੁਲੰਬੀਆ ਦੇ ਸੂਬੇ ਦੇ ਅੰਦਰ, 'ਵਿਕਟੋਰੀਆ ਸ਼ਹਿਰ ਦੀ ਕਾਰਪੋਰੇਸ਼ਨ ਦੀ ਮਿਉਨਸੀਪਲ ਕੌਨਸਲ ਨੂੰ ਬੇਨਤੀ ਕੀਤੀ ਹੈ ਕਿ ਜੇ ਉਹ ਇਸ ਨੂੰ ਉਚਿੱਤ ਸਮਝਦੇ ਹਨ ਤਾਂ ਉਹ ਇਹ ਮਤਾ, 'ਯੂਨੀਅਨ ਔਫ਼ ਬੀ.ਸੀ. ਮਿਉਨਸੀਪੈਲੇਟੀਜ਼' ਦੇ ਸਮੇਲਨ

ਅਗੇ ਪੇਸ਼ ਕਰੇ ਅਤੇ ਬ੍ਰਿਟਿਸ਼ ਕੁਲੰਬੀਆ ਦੇ ਕਹੇ ਸੈਕਸ਼ਨ 4 ਦੀ ਤਰਮੀਮ ਲਈ ਸਿਫਾਰਸ਼ ਕਰੇ -

'ਅਤੇ ਜਦਕਿ ਕਹੇ ਮਿਉਨਸੀਪੈਲ ਐਕਟ ਨੇ ਇਸ ਤਰ੍ਹਾਂ ਕਰਨ ਦੀ ਰਜ਼ਾਮੰਦੀ ਜ਼ਾਹਰ ਕੀਤੀ ਹੈ; ਇਸ ਲਈ ਇਹ ਮਤਾ ਪਾਸ ਕੀਤਾ ਜਾਵੇ ਕਿ ਆਉਣ ਵਾਲਾ 'ਯੂਨੀਅਨ ਔਫ਼ ਬੀ.ਸੀ. ਮਿਉਨਸੀਪੈਲੇਟੀਜ਼' ਸਮੇਲਨ ਨੂੰ ਇਸ 'ਤੇ ਵਿਚਾਰ ਕਰਨ ਦੀ ਬੇਨਤੀ ਕੀਤੀ ਜਾਵੇ ਅਤੇ ਜੇ ਉਚਿੱਤ ਸਮਝਿਆ ਜਾਵੇ ਤਾਂ ਤਰਮੀਮ ਦੀ ਸਿਫ਼ਾਰਸ਼ ਕੀਤੀ ਜਾਵੇ ਜੋ ਇਸ ਤਰ੍ਹਾਂ ਹੈ-

"ਮਿਉਨਸੀਪਲ ਇਲੈਕਸ਼ਨ ਐਕਟ ਦੇ ਸੈਕਸ਼ਨ 4 ਦੀ ਪਹਿਲੀ ਸਤਰ ਵਿਚ, ਸ਼ਬਦ 'ਏਸ਼ੀਆਈ' ਤੋਂ ਬਾਅਦ ਸ਼ਬਦ 'ਸਵਾਏ ਹਿੰਦੂਆਂ ਤੋਂ' ਦਾ ਵਾਧਾ ਕਰਕੇ ਤਰਮੀਮ ਕੀਤਾ ਜਾਵੇ।"

ਇੱਥੇ ਇਹ ਵੀ ਸੰਭਾਵਨਾ ਸੀ ਕਿ ਇਹ ਮਤਾ 35 ਇਸ ਸਮੇਲਨ ਵਿਚ ਇਸ ਵਾਰ, ਨਾ ਨਜਿੱਠਿਆ ਜਾ ਸਕੇ ਤੇ ਅਗਲੇ ਸਾਲ 'ਤੇ ਮੁਲਤਵੀ ਕਰ ਦਿੱਤਾ ਜਾਵੇ ਕਿਉਂਕਿ ਯੂਨੀਅਨ ਔਫ਼ ਬੀ. ਸੀ. ਦੇ ਉਪ-ਨਿਯਮਾਂ ਦੀ ਜ਼ਰੂਰਤ ਅਨੁਸਾਰ, ਪੇਸ਼ ਤਾਂ ਕੀਤਾ ਗਿਆ ਪਰ ਉਸਦੇ ਇਕ ਮੈਂਬਰ ਵਜੋਂ ਸਿਫ਼ਾਰਸ਼ ਨਹੀਂ ਕੀਤੀ ਗਈ ਸੀ। ਪਰ, ਹਿੰਦੀ ਭਾਈਚਾਰੇ ਦੇ ਪ੍ਰਤੀਨਿਧਾਂ ਨੇ ਇਸ ਮੁਆਮਲੇ ਵਿਚ ਬਹੁਤ ਸਖ਼ਤ ਮਹਿਨਤ ਕੀਤੀ ਹੋਈ ਸੀ ਤੇ ਥਾਂ ਪੁਰ ਆਏ ਡੈਲੀਗੇਟਾਂ ਨੂੰ ਮਿਲ ਕੇ ਇਸ ਮਤੇ ਦੀ ਪੇਸ਼ਕਾਰੀ ਦੀ ਲੋੜਵੰਦੀ ਗੱਲ ਬਾਤ ਕਰ ਲਈ ਸੀ।

ਸ਼੍ਰੀਮਾਨ ਕਪੂਰ ਸਿੰਘ, ਮਿਓ ਸਿੰਘ, ਕਰਤਾਰ ਸਿੰਘ ਤੇ ਡਾ: ਪਾਂਡੀਆ ਨੇ ਇਸ ਸਮੇਲਨ ਵਿਚ ਭਾਗ ਲਿਆ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਤੇ ਵਿਕਟੋਰੀਆ ਦੇ ਬੈਂਮਰ ਸਾਹਿਬਾਨ ਨੇ ਇਸ ਵਿਚ ਆਪਣਾ ਪੂਰਨ ਯੋਗਦਾਨ ਪਾਇਆ। ਇਸ ਤੋਂ ਇਲਾਵਾ ਹੋਰ ਵੀ ਹਿੰਦੀਆਂ ਨੇ ਸਦਾਚਾਰਕ ਸਹਾਇਤਾ ਵਜੋਂ ਇਸ ਵਿਚ ਭਾਗ ਲਿਆ।

ਯੂਨੀਆਨ ਦੇ ਪ੍ਰਧਾਨ ਦੇ ਬੁਲਾਵੇ 'ਤੇ ਡਾ: ਪਾਂਡਿਆ ਨੇ, ਮਿਉਨਸਪੈਲੇਟੀ ਦੇ ਪ੍ਰਤਿਨਿਧਾਂ ਨੂੰ ਦੋ ਥਾਂਹਾਂ 'ਤੇ ਸੰਬੋਧਨ ਕੀਤਾ ਤੇ ਹਿੰਦੀ ਭਾਈਚਾਰੇ ਦੇ ਮੰਤਵ ਦੀ ਵਕਾਲਤ ਕਰਦੇ, ਉਸ ਨੇ ਇਸ ਗੱਲ ਵਲ ਧਿਆਨ ਦਿਵਾਉਂਦਿਆਂ ਕਿਹਾ-

"ਹਿੰਦੀ, ਬ੍ਰਤਾਨਵੀ ਰਈਅਤ ਹਨ ਤੇ 1946 ਦੇ ਕੈਨੇਡਅਿਨ ਸਿਟੀਜ਼ਨਸ਼ਿੱਪ ਐਕਟ ਅਧੀਨ, ਕਨੇਡੀਅਨ ਨਾਗਰਿਕ ਵੀ ਹਨ। ਇਹ ਟੈਕਸ ਵੀ ਦਿੰਦੇ ਹਨ ਤੇ ਜਾਇਦਾਦਾਂ ਦੇ ਮਾਲਕ ਵੀ ਹਨ ਤੇ ਲੋਕਤੰਤਰ ਦੇ ਮੂਲ ਸਿਧਾਂਤ ਅਨੁਸਾਰ, ਬਿਨਾ ਕਿਸੇ ਪ੍ਰਤਿਨਿੱਧਤਾ ਤੋਂ ਕੋਈ ਟੈਕਸ ਨਹੀਂ ਲੱਗਣਾ ਚਾਹੀਦਾ। ਹਿੰਦੀ, ਕੈਨੇਡਾ ਦੀ ਮਾਲੀ ਪ੍ਰਫੁੱਲਤਾ ਲਈ ਮੋਢੀ ਹਨ। ਖਾਸ ਕਰਕੇ ਖੇਤੀਬਾੜੀ ਤੇ ਲੰਬਰ ਦੀ ਸੰਨਅੱਤ ਵਿਚ। ਉਸ ਨੇ ਮਿਓ ਸਿੰਘ ਵੱਲ ਇਸ਼ਾਰਾ ਕਰਦੇ ਕਿਹਾ, "ਇਸ ਬੰਦੇ ਕੋਲ ਛੇ ਸੌ ਤੋਂ ਉੱਪਰ ਸਭ ਨਸਲਾਂ ਦੇ ਆਦਮੀ (ਚੀਨੀ, ਜਪਾਨੀ, ਯੌਰਪੀਨ ਤੇ ਇੰਡੀਅਨ) ਕੰਮ ਕਰਦੇ ਹਨ ਪਰ, ਇਸ ਨੂੰ ਵੋਟ ਪਾਉਣ ਦਾ ਹੱਕ ਨਹੀਂ।"

ਹਿੰਦੀ, ਵਫ਼ਾਦਾਰ ਲੋਕ ਹਨ। ਇਨ੍ਹਾਂ ਨੇ ਅੱਧਾ ਮਿਲੀਅਨ ਡਾਲਰ, ਛੇਵੇਂ ਵਿਕਟਰੀ ਬੌਂਡ ਚਾਲੂ ਕਰਨ ਵਿਚ ਦਿੱਤੇ ਹਨ ਤੇ ਦਿਲ ਖੋਲ੍ਹ ਕੇ ਰੈਡ ਕਰਾਸ ਤੇ ਹਸਪਤਾਲਾਂ ਨੂੰ ਦਾਨ ਦਿੱਤਾ ਹੈ।

ਡਾ: ਪਾਂਡੀਆ ਨੇ ਇਹ ਵੀ ਦਰਸਾਇਆ ਕਿ ਨਾਗਪਾਲਿਕ ਵਿਸ਼ੇਸ਼ ਅਧੀਕਾਰਾਂ ਦਾ ਪ੍ਰਸਾਰਨ, ਦੋ ਵੱਡੀਆਂ ਸਰਕਾਰਾਂ ਦੀ ਨੀਤੀ ਦੇ ਅਨਕੂਲ ਹੋਵੇਗਾ।

ਇੰਡੀਆ ਇਕ ਡੁਮਿਨੀਅਨ ਵਜੋਂ ਬ੍ਰਿਟਿਸ਼ ਕੌਮਨਵੈਲੱਥ ਔਫ਼ ਨੇਸ਼ਨਜ਼ ਦਾ ਇਕ ਮੈਂਬਰ ਹੈ ਤੇ ਇਸ ਬਿਨਾ 'ਤੇ ਇਨ੍ਹਾਂ ਸਾਰੇ ਦੇਸ਼ਾਂ ਦੇ ਲੋਕਾਂ ਵਿਚ ਬਰਾਬਰਤਾ ਹੋਣੀ ਚਹੀਦੀ ਹੈ।

ਉਸ ਨੇ ਇਸ ਗੱਲ ਦੀ ਵਿਆਖਿਆ ਵੀ ਕੀਤੀ ਕਿ ਸ਼ਬਦ ਹਿੰਦੂ, ਅਮਰੀਕਨ ਤੇ ਈਸਟ ਇੰਡੀਅਨ ਵਿਚ ਅੰਤਰ ਦਰਸਾਉਣ ਲਈ ਵਰਤਿਆ ਜਾਂਦਾਂ ਹੈ ਤੇ ਇਹ ਹਿੰਦੋਸਤਾਨ ਦੇ ਸਾਰੇ ਲੋਕਾਂ ਨੂੰ, ਬਿਨਾ ਕਿਸੇ ਧਰਮ ਦੇ ਦਰਸਾਉਂਦਾ ਹੈ।

ਉਹ ਨੇ ਆਪਣੇ ਭਾਸ਼ਣ ਦੀ ਸਮਾਪਤੀ ਕਰਦੇ ਕਿਹਾ ਕਿ ਇਸ ਵਿਤਕਰੇ ਦੀ ਬਰਤਰਫੀ ਯੁਨਾਈਟਿਡ ਨੇਸ਼ਨਜ਼ ਦੇ ਚਾਰਟਰ ਦੀ ਅਨੁਕੂਲਤਾ ਅਨੁਸਾਰ ਹੋਵੇਗੀ ਜਿਸ ਦਾ ਕੈਨੇਡਾ

ਭਾਗੀਵਾਲ ਹੈ ਤੇ ਇਹ ਸਾਰੇ ਥਾਹੀਂ ਸਾਰੀਆਂ ਨਸਲੀ ਘੱਟ-ਗਿਣਤੀਆਂ ਦੇ ਹੱਕਾਂ ਨੂੰ ਕਾਇਮ ਰੱਖਣ ਦੀ ਹਾਮੀ ਵੀ ਭਰਦਾ ਹੈ।

ਨੌਰਥ ਵੈਨਕੂਵਰ ਦੇ ਮੇਅਰ ਲੂਟੇ ਨੇ, ਰਸਮੀ ਤੌਰ 'ਤੇ ਇਸ ਮਤੇ ਨੂੰ ਇਕ ਤਰਮੀਮ ਨਾਲ ਕਰਵਾਈ ਵਿਚ ਲਿਆਂਦਾ। ਉਸ ਨੇ ਕਿਹਾ ਕਿ, "ਸ਼ਬਦ ਹਿੰਦੂ, ਜਿਵੇਂ ਕਿ ਪ੍ਰਾਂਤਕ ਇਲੈਕਸ਼ਨ ਐਕਟ ਵਿਚ ਪਰਿਭਾਸ਼ਤ ਕੀਤਾ ਗਿਆ ਹੈ, 'ਹਿੰਦ ਤੋਂ ਆਏ ਇੱਥੇ ਸਾਰੇ ਵਿਅਕਤੀ' ਨਾ ਕਿ ਹਿੰਦੂ ਧਰਮ ਦੇ ਸਦੱਸ।

ਪੈਨਟਿਕਟਨ ਦੇ ਕੌਂਸਲਰ ਜੌਨਸਨ ਨੇ ਇਸ ਤਰਮੀਮ ਕੀਤੇ ਮਤੇ ਦੀ ਤਾਈਦ ਕੀਤੀ। ਮਤਾ ਪਾਸ ਹੋ ਗਿਆ ਸਵਾਏ ਇਕ ਅਸਹਿਮਤ ਪ੍ਰਤਿਨਿੱਧ ਤੋਂ ਜਿਸ ਦਾ ਮਤ ਸੀ ਕਿ ਇਸ ਮਤੇ ਦਾ ਘੇਰਾ ਵਿਸ਼ਾਲ ਨਹੀਂ। ਇਸ ਨੂੰ, ਜੱਦੀ ਇੰਡੀਅਨਜ਼ ਨੂੰ ਵੀ ਆਪਣੀ ਬੁੱਕਲ ਵਿਚ ਲੈ ਲੈਣਾ ਚਾਹੀਦਾ ਹੈ।

ਉਕਤ ਮਤਾ, ਬ੍ਰਿਟਿਸ਼ ਕੁਲੰਬੀਆਂ ਦੀਆਂ ਬਾਕੀ ਸਾਰੀਆਂ ਨਗਰਪਾਲਕਾਵਾਂ 'ਤੇ ਲਾਗੂ ਕੀਤਾ ਗਿਆ ਸਵਾਏ ਮੋਹਰੀ ਵੈਨਕੂਵਰ ਦੀ ਨਗਰਪਾਲਕਾ ਦੇ, ਜਿਸ ਦਾ ਸ਼ਾਸਨ, ਇਕ ਵਿਸ਼ੇਸ਼ ਚਾਰਟਰ 'ਵੈਨਕੂਵਰ ਇਨਕਾਰਪੋਰੇਸ਼ਨ ਐਕਟ' ਅਧੀਨ ਚਲਾਇਆ ਜਾਂਦਾ ਹੈ। ਇਹ ਚਾਰਟਰ ਵਿਚ ਇਕ ਧਾਰਾ ਹੈ ਜੋ ਹਿੰਦੂਆਂ ਨੂੰ ਮਿਉਨਸਪਲ ਵੋਟ ਦੇ ਅਧੀਕਾਰ ਤੋਂ ਵੰਚਿਤ ਕਰਦੀ ਹੈ। ਇਸ ਚਾਰਟਰ ਦੀ ਤਰਮੀਮ ਦੀ ਸਿਫ਼ਾਰਸ਼, ਵਿਧਾਨ ਕਮੇਟੀ ਵਿਚ ਬੈਠੇ ਸਿਟੀ ਦੇ ਇਕ ਕੌਂਸਲਰ ਵੱਲੋਂ ਹੋਣੀ ਲਾਜ਼ਮੀ ਸੀ। ਵੈਨਕੂਵਰ ਸਿਟੀ ਨੇ ਆਪਣੇ ਮਤੇ ਵਿਚ ਇਸ ਛੇਕਣ ਵਾਲੀ ਧਾਰਾ ਨੂੰ ਰੱਦ ਕਰਨਾ ਪਾਸ ਕਰ ਦਿੱਤਾ।

23 ਅਕਤੂਬਰ 1947 ਨੂੰ, ਸਿਟੀ ਕੌਂਲਸ ਦੀ ਵਿਧਾਨ ਸਭਾ, ਚਾਰਟਰ ਦੀ ਤਰਮੀਮ ਦੀ ਸਿਫ਼ਾਸ਼ ਲਈ ਇਕੱਤਰ ਹੋਈ। ਹਿੰਦੀ ਭਾਈਚਾਰੇ ਦੇ ਪ੍ਰਤਿਨਿਧ ਸ਼੍ਰੀਮਾਨ ਕਪੂਰ ਸਿੰਘ, ਕਰਤਾਰ ਸਿੰਘ ਤੇ ਈਸ਼ਰ ਸਿੰਘ ਨੇ ਇਸ ਇਕੱਤਰਤਾ ਵਿਚ ਭਾਗ ਲਿਆ। ਇਸ ਵਿਸ਼ੇ 'ਤੇ ਬਹਿਸ ਤੋਂ ਪਹਿਲਾਂ, ਕਮੇਟੀ ਨੂੰ, ਇਸ ਲਾਜ਼ਮੀ ਤਰਮੀਮ ਦੇ ਹੱਕ ਵਿਚ ਸੰਬੋਧਨ ਕਰਨ ਲਈ ਡਾ: ਪਾਂਡੀਆ ਨੂੰ ਕਿਹਾ ਗਿਆ।

ਦੀ ਆਰ.ਐੱਸ.ਬੀ.ਸੀ. 1939 ਕਾਂਡ 83 ਇਸ ਤਰ੍ਹਾਂ ਹੈ-

4: ਨਾ ਕੋਈ ਚੀਨੀ, ਜਪਾਨੀ, ਜਾਂ ਕੋਈ ਹੋਰ ਏਸ਼ੀਆਈ ਜਾਂ ਇੰਡੀਅਨ, ਕਿਸੇ ਵੀ ਨਗਰਪਾਲਕ ਚੋਣਾ ਵਿਚ, ਮੇਅਰ, ਰੀਵ, ਐਲਡਰਮੈਨ ਜਾਂ ਕੌਂਸਲਰ ਲਈ ਵੋਟ ਪਾਉਣ ਦਾ ਹੱਕਦਾਰ ਨਹੀਂ ਹੋਵੇਗਾ। ਆਰ. ਐਸ.1936, ਸੀ.83, ਐਸ.4. ਚੀਨੀ, ਜਪਾਨੀ, ਦੂਸਰੇ ਏਸ਼ੀਆਈ ਅਤੇ ਇੰਡੀਅਨ ਅਯੋਗ ਹਨ।

1948 ਦਾ ਐਸ ਬੀ.ਸੀ. ਕਾਂਡ 19 ਇਸ ਤਰਾਂ ਹੈ-

2: ਮਿਉਨਸਪਲ ਇਲੈਕਸ਼ਨ ਐਕਟ ਦਾ ਸੈਕਸ਼ਨ 4, ਜੋਕਿ, ਬ੍ਰਿਟਿਸ਼ ਕੁਲੰਬੀਆ ਦੇ, 1936 ਦੇ ਸੋਧੇ ਕਾਨੂੰਨੀ ਲਿਖਤ ਦਾ ਭਾਗ ਹੈ, ਸ਼ਬਦ "ਜਾਂ ਹੋਰ ਏਸ਼ੀਐਟਿਕ" ਕੱਟ ਕੇ, ਐੱਸ.4 ਪੰਨਾ 61 ਵਾਂਗ ਤਰਮੀਮ ਕੀਤਾ ਜਾਂਦਾ ਹੈ।

ਦੀ ਆਰ. ਐਸ.ਬੀ.ਸੀ. 1948, ਕਾਂਡ 105, ਐਸ.4 ਇਸ ਤਰ੍ਹਾਂ ਹੈ-

4: ਨਾ ਚੀਨੀ, ਜਪਾਨੀ, ਜਾਂ ਇੰਡੀਅਨ, ਕਿਸੇ ਵੀ ਨਗਰਪਾਲਕ ਚੋਣਾ ਵਿਚ, ਮੇਅਰ, ਰੀਵ, ਐਲਡਰਮੈਨ ਜਾਂ ਕੌਂਸਲਰ ਲਈ ਵੋਟ ਪਾਉਣ ਦਾ ਹੱਕਦਾਰ ਨਹੀਂ ਹੋਵੇਗਾ।

ਆਰ. ਐਸ. 1936, ਸੀ. 83, ਐਸ.4; 1948, ਸੀ. 19, ਐਸ.2

ਚੀਨੀ, ਜਪਾਨੀ, ਹੋਰ ਏਸ਼ੀਐਟਿਕ ਅਤੇ ਇੰਡੀਅਨ ਅਯੋਗ ਹਨ।

ਭਾਰਤੀ ਭਾਈਚਾਰਾ, ਉਨ੍ਹਾਂ ਕੈਨੇਡੀਅਨ ਨਾਗਰਿਕਾਂ ਦਾ ਕਰਜ਼ਾਈ ਹੈ ਜਿਨ੍ਹਾਂ ਨੇ ਇਨ੍ਹਾਂ ਮਸਲਿਆਂ ਨੂੰ ਸਮੇਂ ਤੋਂ ਪਹਿਲਾਂ ਦੇਖਿਆ, ਉਨ੍ਹਾਂ ਦੀ ਮਦਦ ਕੀਤੀ ਤੇ ਹੌਸਲੇ ਨਾਲ ਆਪਣੀ ਵੱਲੋਂ ਆਵਾਜ਼ ਉਠਾਈ ਤੇ 'ਮਾਨਸ ਕੀ ਸਭ ਇਕੋ ਜਾਤੇ' ਤੇ ਇਕ ਧਰਤੀ ਦਾ ਸੰਕਲਪ ਪੇਸ਼ ਕੀਤਾ।

ਭਾਰਤੀ ਭਾਈਚਾਰਾ ਉਨ੍ਹਾਂ ਭਾਰਤੀ ਆਗੂਆਂ ਦਾ ਵੀ ਰਿਣੀ ਹੈ ਜਿਨ੍ਹਾਂ ਨੇ ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਤਨ ਮਨ ਨਾਲ ਦਿਨ ਰਾਤ ਇਕ ਕੀਤਾ ਤੇ ਆਪਣੀ ਸਾਰਿਆਂ ਦੀ ਮੁਸ਼ਕਿਲ ਨੂੰ ਆਪਣੀ ਮੁਸ਼ਕਿਲ ਸਮਝ ਕੇ ਕੰਮ ਕੀਤਾ।

ਨਾਗਰਿਕ ਵਿਸ਼ੇਸ਼ ਅਧੀਕਾਰ ਲੈਣ ਲਈ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਯੁਨਾਈਟਿੱਡ ਇੰਡੀਆ ਲੀਗ ਤੇ ਈਸਟ ਇੰਡੀਅਨ ਵੈਲਫੇਅਰ ਅਸੋਸੀਏਸ਼ਨ ਵਲੋਂ, ਗਾਹੇ ਬਗਾਹੇ ਓਟਵਾ ਨੂੰ ਜਾਣ ਵਾਲੇ ਪ੍ਰਤਿਨਿਧ-ਮੰਡਲਾਂ ਦੇ ਕਾਰਕੁਨਾ ਦੇ ਨਾਮ ਇਸ ਪ੍ਰਕਾਰ ਹਨ।

ਨਵੰਬਰ 1911

ਪ੍ਰੋਫੈਸਰ ਤੇਜਾ ਸਿੰਘ ਮਸਤੂਆਣਾ ਐਮ.ਏ. (ਹਾਰਵਰਡ) ਐੱਲ. ਐੱਲ. ਬੀ.
ਡਾ: ਸੁੰਦਰ ਸਿੰਘ ਐੱਮ.ਡੀ.
ਰਾਜਾ ਸਿੰਘ
ਰੈਵਰੈਂਟ ਆਈ. ਐੱਲ. ਡਬਲਯੂ. ਹਾਲ, (ਪ੍ਰੈਸਪਟੇਰੀਅਨ ਮਿਸ਼ਨਰੀ)
ਇਹ ਪ੍ਰਤਿਨਿਧ-ਮੰਡਲ ਉਸ ਵੇਲੇ ਦੇ ਗ੍ਰਹਿ ਮੰਤਰੀ ਮਿਸਟਰ ਰੌਗਰ ਨੂੰ ਮਿਲਿਆ ਸੀ। ਜਿਸ ਨੇ ਇਸ ਮੰਡਲ ਦੇ ਉਠਾਈ ਚਿੰਤਾ ਬਾਰੇ ਹੋਰ ਤਫ਼ਤੀਸ਼ ਕਰਨ ਲਈ ਕਿਹਾ ਸੀ। ਜਦੋਂ ਪੰਦ੍ਰਰਾਂ ਮਹੀਨਿਆਂ ਤਕ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਹਿੰਦੀ ਆਵਾਸੀਆਂ ਨੇ ਡੁਮਿਨੀਅਨ ਹਾਲ ਵੈਨਕੂਵਰ ਵਿਚ ਇਕ ਇਕੱਤਰਤਾ ਕੀਤੀ ਸੀ।

14 ਮਾਰਚ 1913

ਸ਼੍ਰੀ: ਬਲਵੰਤ ਸਿੰਘ ਖੁਰਦਪੁਰ
ਸ਼੍ਰੀ: ਨਰੈਣ ਸਿੰਘ ਠੀਕਰੀਵਾਲਾ ਤੇ
ਸ਼੍ਰੀ: ਨੰਦ ਸਿੰਘ ਸੀਹਰਾ ਦਾ ਇਕ ਤਿੰਨ ਮੈਂਬਰੀ ਪ੍ਰਤਿਨਿਧ-ਮੰਡਲ, ਬ੍ਰਤਾਨਵੀ ਤੇ ਹਿੰਦੋਸਤਾਨ ਦੀ ਸਰਕਾਰ ਨੂੰ ਮਿਲਿਣ ਲਈ ਗਿਆ। 4 ਮਈ ਨੂੰ ਕਲੋਨੀਅਲ ਮਨਿਸਟਰ ਦੇ ਏ.ਡੀ.ਸੀ. ਨੂੰ ਮਿਲੇ ਤੇ 14 ਮਈ ਨੰ ਕੈਕਸਟਨ ਹਾਲ ਵਿਚ ਇਕ ਪਬਲਿਕ ਮੀਟਿੰਗ ਵੀ ਕੀਤੀ। 4 ਅਗਸਤ 1913 ਨੂੰ ਬਰੈਡਲਾਹੋ ਹਾਲ ਲਾਹੌਰ ਵਿਚ ਇਕ ਆਮ ਇਜਲਾਸ ਕੀਤਾ ਤੇ ਪੰਜਾਬ ਦੇ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਮਿਲੇ ਤੇ 1914 ਦੇ ਅਰੰਭ ਵਿਚ ਕੈਨੇਡਾ ਮੁੜੇ।

1939

ਸ਼੍ਰੀ: ਬਤਨ ਸਿੰਘ ਧੂਤ
ਸ਼੍ਰੀ: ਈਸ਼ਰ ਸਿੰਘ ਬੈਂਸ
ਸ਼੍ਰੀ: ਨੈਣਾ ਸਿੰਘ ਕੰਡੋਲਾ
ਡਾ: ਡੀ.ਪੀ.ਪਾਂਡੀਆ
ਇਸ ਮੰਡਲ ਨੇ ਕਨੇਡੀਅਨ ਸਰਕਾਰ ਨੂੰ, ਮੁਲਕ ਵਿਚ, ਗੈਰਕਨੂੰਨੀ ਤੌਰ 'ਤੇ ਵਸਦੇ 250 ਹਿੰਦੀਆਂ ਨੂੰ ਆਮ-ਮੁਆਫ਼ੀ ਦੇਣ ਲਈ ਪ੍ਰੇਰਿਆ। ਇਹ 250 ਨਾਜਾਇਜ਼ ਅਵਾਸੀ ਉਹ ਵਿਦਿਆਰਥੀ ਸਨ ਜਿਨ੍ਹਾਂ ਦਾ ਵੀਜ਼ਾ ਲੜਾਈ ਕਾਰਨ ਖਤਮ ਹੋ ਗਿਆ ਤੇ ਉਹ ਮੋਢੀਆਂ ਦੇ

ਭਾਣਜੇ ਭਤੀਜੇ ਜਿਨ੍ਹਾਂ ਨੂੰ ਉਹ ਆਪਣੇ ਪੁੱਤਰ ਬਣਾ ਕੇ ਲਿਆਏ ਹੋਏ ਸਨ। ਅੰਤ, ਇਸ ਮਾਮਲੇ ਵਿਚ ਇਸ ਮੰਡਲ ਨੇ ਜਿੱਤ ਪ੍ਰਾਪਤ ਕੀਤੀ।
ਸ਼੍ਰੀ ਬਤਨ ਸਿੰਘ ਧੂਤ, ਸ਼੍ਰੀ: ਦੁੱਮਣ ਸਿੰਘ ਤੇ ਰਤਨ ਸਿੰਘ ਧੂਤ ਨੇ ਇਸ ਮੁਹਿੱਮ ਦੀ ਆਰਥਿਕ ਸਹਾਇਤਾ ਕੀਤੀ।

1953

ਇਕ ਗਿਆਰਾਂ ਮੈਂਬਰੀ, "ਈਸਟ ਇੰਡੀਅਨ ਸਿਟੀਜ਼ਨਸਿੱਪ ਕਮੇਟੀ" ਬਣਾਈ ਗਈ। ਜਿਸ ਵਿਚ ਮੀਤੂ ਸਿੰਘ, ਕਰਮ ਸਿੰਘ ਬੰਗਾ ਤੇ ਮਹਿੰਦਰ ਸਿੰਘ ਧੂਤ (ਬੀਡਾਲ) ਵਰਗੇ ਅਣਥੱਕ ਕਾਮੇ ਸ਼ਾਮਿਲ ਸਨ।

1946

ਸ਼੍ਰੀ: ਨਰਿੰਦਰ ਸਿੰਘ ਗਿੱਲ ਸਕੱਤਰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ
ਬਾਬੂ ਕਪੂਰ ਸਿੰਘ ਸ਼੍ਰੀ: ਮੈਓ ਸਿੰਘ ਤੇ ਡਾ: ਪਾਂਡੀਆ ਨੇ ਵੋਟ ਦੇ ਹੱਕ ਲਈ ਲੜਾਈ ਲੜੀ ਤੇ ਅੰਤ 1947 ਵਿਚ ਜਿੱਤ ਪ੍ਰਪਾਤ ਕੀਤੀ।

1950

ਦੁੱਮਣ ਸਿੰਘ ਦੇ ਭਤੀਜੇ ਮੀਤੂ ਸਿੰਘ, ਉਰਫ਼ ਮਲਕੀਤ ਸਿੰਘ ਦੀ ਪ੍ਰਧਾਨਗੀ ਹੇਠ 'ਈਸਟ ਇੰਡੀਅਨ ਵੈਲਫੇਅਰ ਅਸੋਸੀਏਸ਼ਨ ਦਾ ਵਫ਼ਦ, ਵੋਟ ਦੇ ਹੱਕ, ਨਾਗਰਿਕਤਾ ਤੇ ਹਿੰਦੀ ਅਵਾਸੀਆਂ ਦੇ ਕੋਟੇ ਲਈ, ਗਾਹੇ ਬਗਾਹੇ ਓਟਵਾ ਜਾਂਦਾ ਰਿਹਾ ਤੇ ਕੋਟੇ ਵਿਚ ਵਾਧੇ ਲਈ ਕਾਮਯਾਬ ਹੁੰਦਾ ਰਿਹਾ।

1964

ਈਸਟ ਇੰਡੀਅਨ ਵੈਲਫੇਅਰ ਅਸੋਸੀਏਸ਼ਨ ਦਾ ਚਾਰ ਮੈਂਬਰੀ ਵਫਦ-
ਸਾਬੂ ਸਿੰਘ
ਡਾ: ਪਾਂਡੀਆ
ਕੇਸਰ ਸਿੰਘ ਭੱਟੀ
ਡਾ: ਗਿੱਲ
ਵਿਰੋਧੀ ਪਾਰਟੀ ਦੇ ਲੀਡਰ ਸ਼੍ਰੀ: ਜੌਨ ਡੀਫ਼ਨਬੇਕਰ ਨੂੰ ਮਿਲਿਆ।

ਵੇਰਵਿਆਂ ਲਈ ਦੇਖੋ ਅੰਤਿਕਾ।

ਕਾਮਾਗਾਟਾ ਮਰੂ ਦੇ ਵੈਨਕੂਵਰ ਪਹੁੰਚਣ 'ਤੇ, ਖਾਲਸਾ ਦੀਵਾਨ ਸੁਸਾਇਟੀ ਦੀ ਆਰਥਿਕ ਤੇ ਕਾਨੂੰਨੀ ਸਹਾਇਤਾ ਵੈਨਕੂਵਰ ਦੇ ਕਿਆਮ ਦੌਰਾਨ ਹੋਈਆਂ ਘਟਣਾਵਾਂ ਦਾ ਸੰਖੇਪ ਵੇਰਵਾ

22 ਮਈ ਨੂੰ, ਵਿਲੀਅਮ ਹੈੱਡ 'ਤੇ ਮੈਡੀਕਲ ਅਫ਼ਸਰ, ਡਾ: ਨੈੱਲਸਨ ਨੇ, ਜਹਾਜ਼ ਅਤੇ ਮੁਸਾਫਰਾਂ ਦਾ ਮੁਆਇਨਾ ਕੀਤਾ ਤਾਂ ਪਿੱਛਲੀ ਬੰਦਰਗਾਹ ਦਾ ਡਾਕਟਰੀ ਸਰਟੀਫਕੇਟ ਨਾ ਮਿਲਣ ਤੇ ਉਸ ਨੇ ਓਟਵਾ ਵਿਚ, ਪਬਲਿਕ ਹੈੱਲਥ ਦੇ ਡਾਰਿਕਟਰ ਡਾ: ਮੌਨਟੀਜ਼ੈਂਬਰ ਨੂੰ ਇਤਲਾਹ ਦਿੱਤੀ ਤੇ ਮਹਿਕਮੇ ਦੇ ਮੰਤਰੀ ਨੂੰ ਮੌਜੀ ਤੋਂ ਸਰਟੀਫਿਕੇਟ ਬਾਰੇ ਪੁੱਛਣ ਲਈ ਕਿਹਾ। ਜਿਸ ਦੇ ਪਰਾਪਤ ਹੋਣ 'ਤੇ ਡਾ: ਨੈੱਲਸਨ ਨੇ ਜਹਾਜ਼ ਅਤੇ ਮੁਸਾਫਰਾਂ ਨੂੰ, "ਕਲੀਨ ਬਿੱਲ ਔਫ਼ ਹੈਲਥ" ਦੇ ਦਿੱਤਾ। (ਦਾ ਡੇਲੀ ਨੀਊਜ਼ ਐਡਵਰਟਾਈਜ਼ਰ 23 ਮਈ 1914)

ਵਿਕਟੋਰੀਆ ਦੀ ਬੰਦਰਗਾਹ 'ਤੇ, *'ਦੀ ਵਿਕਟੋਰੀਆਂ ਟਾਈਮਜ਼'* ਦਾ ਸੰਪਾਦਕ, ਮੁਸਾਫ਼ਰਾਂ ਨੂੰ ਮਿਲਿਆ। ਅਗਲੇ ਦਿਨ ਸੰਪਾਦਕੀ ਵਿਚ, ਮੁਸਾਫਰਾਂ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਏ -

"ਜਹਾਜ਼ ਦੇ ਮੁਸਾਫ਼ਰ ਬਹੁਤ ਫੁਰਤੀਲੇ ਤੇ ਤੇਜ਼ੀ ਨਾਲ ਤੁਰਦੇ ਫਿਰਦੇ ਸਨ। ਉਨ੍ਹਾਂ ਨੇ ਵੱਖ ਵੱਖ ਤਰ੍ਹਾਂ ਦੀਆਂ ਪੁਸ਼ਾਕਾਂ ਪਹਿਨੀਆਂ ਹੋਈਆਂ ਸਨ। ਕੁਝ ਕੁ ਨੇ ਯੂਰਪੀਅਨ ਕੱਪੜੇ ਪਾਏ ਹੋਏ ਸਨ। ਕੁਝ ਕੁ ਦੇ ਰੰਗ ਬਰੰਗੀਆਂ ਪੱਗਾਂ ਸਨ ਤੇ ਕੁਝ ਕੁ ਨੇ ਮੁਸਲਮਾਨੀ ਟੋਪੀਆਂ ਲਈਆਂ ਹੋਈਆਂ ਸਨ। ਕੁਝ ਆਪਣੇ ਕੌਮੀ ਲਿਬਾਸ ਵਿਚ ਤੇ ਕੁਝ ਕੁ ਨੇ ਪੁਰਾਣੀਆਂ ਫੌਜੀ ਵਰਦੀਆਂ ਪਹਿਨੀਆਂ ਹੋਈਆਂ ਸਨ। ਜਿਨ੍ਹਾਂ ਵਿੱਚੋਂ ਬਹੁਤੇ ਆਦਮੀਆਂ ਨੇ ਬ੍ਰਤਾਨਵੀ ਫੌਜ ਵਿਚ ਨੌਕਰੀ ਕੀਤੀ ਹੋਈ ਸੀ। ਉਨ੍ਹਾਂ ਦੇ ਕੱਦ ਲੰਬੇ ਤੇ ਦਿੱਖ ਵਿਚ ਸੁਨੱਖੇ ਸਨ। ਉਹ ਬੀ.ਸੀ. ਦੇ ਮੌਜੂਦਾ ਪੰਜਾਬੀ ਵਾਸੀਆਂ ਤੋਂ ਉੱਚੀ ਨਸਲ ਦੇ ਲਗਦੇ ਸਨ। ਜਿੱਥੇ ਉਹ ਸਿੱਧੇ ਖੜ੍ਹਦੇ, ਉੱਥੇ ਉਨ੍ਹਾਂ ਦੇ ਪੈਰਾਂ ਵਿਚ ਫੁਰਤੀ ਵੀ ਸੀ। ਉਨ੍ਹਾਂ ਦੇ ਕੱਪੜੇ ਇਸਤਰੀ ਕੀਤੇ ਹੋਏ ਸਨ ਤੇ ਪੱਗਾਂ ਸਾਫ ਸੁਥਰੀਆਂ ਤੇ ਸੁੰਦਰ ਸਨ। ਇਨ੍ਹਾਂ ਵਿੱਚੋਂ ਕਈ ਅੰਗ੍ਰੇਜ਼ੀ ਜਾਣਦੇ ਸਨ ਅਤੇ ਅੰਗ੍ਰੇਜ਼ੀ ਵਿਚ ਗੱਲ ਬਾਤ ਕਰਨ ਦੀ ਮੁਹਾਰਤ ਵੀ ਰੱਖਦੇ ਸਨ।"

ਜਦੋਂ ਜਹਾਜ਼ ਵੈਨਕੂਵਰ ਪਹੁੰਚਿਆ ਤਾਂ ਇੱਮੀਗਰੇਸ਼ਨ ਅਫ਼ਸਰ, ਮਿਸਟਰ ਮੈਲਕਮ ਰੀਡ ਨੇ ਉਸ ਨੂੰ ਮਾਲਘਾਟ 'ਤੇ ਨਾ ਲੱਗਣ ਦਿੱਤਾ ਤੇ ਕੰਢੇ ਤੋਂ ਕੋਈ ਮੀਲ ਭਰ ਦੂਰ, ਡੂੰਘੇ ਪਾਣੀ ਵਿਚ ਰੋਕ ਦਿੱਤਾ। ਕਿਸੇ ਵੀ ਮੁਸਾਫਰ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ ਗਈ। ਇੱਥੇ ਤਕ ਕੇ ਸਥਾਨਿਕ ਲੋਕਾਂ ਤੇ ਰਿਸ਼ਤੇਦਾਰਾਂ ਨੂੰ ਵੀ ਮਿਲਣ ਦੀ ਆਗਿਆ ਨਾ ਦਿੱਤੀ। ਆਪਣੇ ਨਾਲ ਜਹਾਜ਼ ਦੇ ਡੈੱਕ 'ਤੇ ਗਏ ਪਤਰਕਾਰਾਂ ਨੂੰ ਗੁਰਦਿੱਤ ਸਿੰਘ ਨਾਲ ਮਿਲਣ ਤੋਂ ਮਨ੍ਹਾਂ ਕਰ ਦਿੱਤਾ। ਪਤਰਕਾਰਾਂ 'ਤੇ ਵੀ ਮੁਸਾਫ਼ਰਾਂ ਕੋਲ ਜਾਣ ਦੀ ਰੋਕ ਲਾ ਦਿੱਤੀ। ਬਲਕਿ, ਜਹਾਜ਼ ਦੇ ਚੁਫੇਰੇ, ਹਿੱਥਿਆਰਬੰਦ ਪੁਲੀਸ ਲਗਾ ਕੇ 24 ਘੰਟੇ ਦਾ ਪਹਿਰਾ ਲਗਾ ਦਿੱਤਾ।

ਜਦੋਂ ਗੁਰਦਿੱਤ ਸਿੰਘ ਨੇ ਇਨ੍ਹਾਂ ਸਖ਼ਤ ਬੰਦਸ਼ਾਂ ਦੇ ਵਿਰੋਧ ਵਿਚ ਰੋਸ ਕੀਤਾ ਤਾਂ ਮਿਸਟਰ ਰੀਡ ਨੇ ਉਸ ਦੇ ਰੋਸ ਦੀ ਕੋਈ ਪਰਵਾਹ ਨਾ ਕੀਤੀ ਤੇ ਇਹ ਕਿਹ ਕੇ ਟਾਲ ਦਿੱਤਾ, "ਇਹ ਹਾਬਰ ਮਾਸਟਰ ਦਾ ਫੈਸਲਾ ਸੀ ਮੇਰਾ ਨਹੀਂ।"

ਇਸ ਉਪਰੰਤ ਮੇਨ ਡੈੱਕ ਤੋਂ, "ਦੀ ਨੀਊਜ਼ ਐਡਵਰਟਾਈਜ਼ਰ" ਦੇ ਸੰਵਾਦਦਾਤਾ ਦੇ ਪੁੱਛਣ 'ਤੇ ਗੁਰਦਿੱਤ ਸਿੰਘ ਨੇ ਜਵਾਬ ਦਿੱਤਾ-

"ਅਸੀਂ ਬ੍ਰਤਾਨਵੀ ਨਾਗਿਰਕ ਹਾਂ ਤੇ ਇਸ ਲਿਹਾਜ਼ ਨਾਲ ਅਸੀਂ, ਸਾਮਰਾਜ ਦੇ ਕਿਸੇ ਵੀ ਹਿੱਸੇ ਵਿਚ ਜਾਣ ਦਾ ਪੂਰਨ ਅਧਿਕਾਰ ਰੱਖਦੇ ਹਾਂ। ਅਸੀਂ ਇਸ ਨੂੰ ਇਕ ਅਜ਼ਮਾਇਸ਼ੀ ਮੁਆਮਲਾ ਬਣਾਉਣ ਦਾ ਦਰਿੜ੍ਹ ਇਰਾਦਾ ਬਣਾ ਲਿਆ ਹੈ। ਜੇ ਕਰ ਸਾਨੂੰ, ਤੁਹਾਡੇ ਮੁਲਕ ਵਿਚ ਦਾਖ਼ਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਤਾਂ ਮੁਆਮਲਾ ਇੱਥੇ ਹੀ ਖ਼ਤਮ ਨਹੀਂ ਹੋਵੇਗਾ। ਹੋਰ ਜਹਾਜ਼ ਵੀ ਚਾਰਟਰ ਕੀਤੇ ਜਾਣਗੇ ਤੇ ਮੇਰੇ ਲੋਕ, ਸ਼ਾਂਤ ਮਹਾਂ ਸਾਗਰ ਨੂੰ ਉਦੋਂ

ਤਕ ਪਾਰ ਕਰਦੇ ਰਹਿਣਗੇ ਜਦੋਂ ਤਕ ਅਸੀਂ, ਜੋ ਸਾਡੇ ਨਿਆਂਪੂਰਣ ਹੱਕ ਹਨ, ਪਰਾਪਤ ਨਹੀਂ ਕਰ ਲੈਂਦੇ।"

ਗੁਰਦਿੱਤ ਸਿੰਘ ਕਹਿੰਦਾ ਹੈ ਕਿ ਇਹ ਸਾਰਾ ਸਵਾਲ ਕੈਨੇਡੀਅਨ ਕਚਿਹਰੀਆਂ ਵਿਚ ਲੜਿਆ ਜਾਏਗਾ ਤੇ ਉਹ ਇਸ ਦੇ ਪ੍ਰੀਣਾਮ ਬਾਰੇ ਬਹੁਤ ਜੋਸ਼ ਰੱਖਦਾ ਹੈ। (ਦੀ ਡੇਲੀ ਨਿਊਜ਼ ਅਡਵਰਟਾਈਜ਼ਰ ਵੈਨਕੂਵਰ 23 ਮਈ 1914)

ਇੰਮੀਗ੍ਰੇਸ਼ਨ ਅਫਸਰਾਂ ਨੇ, ਜਹਾਜ਼ ਦੀ ਮਾਲਕ ਕੰਪਨੀ, "ਸ਼ਿਨਯਾਈ ਕਾਈਸੇਨ ਕਾਈਸ਼ਾ ਔਫ ਕੋਬੀ" ਦੀ ਏਜੰਟ ਕੰਪਨੀ, "ਸੈਂਟੋ ਐਂਡ ਕੋ, ਕੋਬੀ" ਵੱਲੋਂ ਨਿਯੁਕਤ ਕਿਤੇ ਏਜੰਟ ਮਿ: ਗਾਰਡਨਰ ਜੌਨ੍ਸਨ ਨੂੰ ਗੁਰਦਿੱਤ ਸਿੰਘ ਕੋਲ ਭੇਜਿਆ ਜਿਸ ਨੇ $22,000 (ਹਾਂਗਕਾਂਗ) ਕਰਾਏ ਦੀ ਕਿਸ਼ਤ 11 ਜੂਨ ਤੋਂ ਪਹਿਲਾਂ ਪਹਿਲਾਂ ਦੇਣ ਦੀ ਮੰਗ ਕੀਤੀ।
ਇੱਥੇ, ਗੁਰਦਿੱਤ ਸਿੰਘ ਨੇ ਮਿ: ਰੀਡ ਨੂੰ, ਬਤੌਰ ਵਪਾਰੀ, ਬੰਦਗਾਹ 'ਤੇ ਜਾਣ ਤੇ ਵੈਨਕੂਵਰ ਦੀ, 'ਦੀ ਕਾਰਪੋਰੇਸ਼ਨ ਔਫ਼ ਹਾਰਬਰ' ਦੇ ਕਾਨੂੰਨ ਨਿਯਮ ਦੇ ਸੈਕਸ਼ਨ 14 ਅਧੀਨ, ਚਾਰਟਰ ਹੋਣ ਦੇ ਨਾਤੇ, ਬੰਦਰਗਾਹ ਅਧੀਕਾਰੀਆਂ ਨੂੰ ਜਹਾਜ਼ ਦੇ ਕਾਗ਼ਜ਼ਾਤ, ਜਹਾਜ਼ ਉੱਪਰ ਲੱਦੇ ਸਾਮਾਨ ਅਤੇ ਹੋਰ ਮਾਲੀ ਲੋੜਾਂ ਸੰਬੰਧੀ ਗੱਲਾਂ, ਲਿਖਤੀ ਰੂਪ ਵਿਚ ਖੁਦ ਜਾ ਕੇ ਦੇਣ ਦੇ ਹੱਕ ਬਾਰੇ, ਲਿਖਤ ਵਿਚ ਦਿੱਤਾ ਤੇ ਕਿਸ਼ਤ ਤਾਰਨ ਲਈ ਜਹਾਜ਼ ਵਿਚ ਲੱਦੇ ਕੋਲੇ ਨੂੰ ਵੇਚਣ ਬਾਰੇ ਵੀ ਦੱਸਿਆ। ਪਰ, ਮਿ:: ਰੀਡ ਨੇ ਇਨ੍ਹਾਂ ਬੇਨਤੀਆਂ ਦੀ ਕੋਈ ਪਰਵਾਹ ਨਾ ਕੀਤੀ ਤੇ ਕਠੋਰ ਹਿਰਦੇ ਨਾਲ ਠੁਕਰਾ ਦਿੱਤਾ।

ਇੰਮੀਗ੍ਰੇਸ਼ਨ ਦੇ ਡਾਕਟਰ ਅਨੁਸਾਰ, ਇਸ ਜਹਾਜ਼ ਵਿਚ ਦੋ ਇਸਤਰੀਆਂ ਤੇ ਚਾਰ ਬੱਚੇ ਸਨ। 22 ਮੁਸਾਰਫਰ ਵਾਪਿਸ ਪਰਤ ਰਹੇ ਸੀ। 22 ਮੁਸਾਫਰ ਦੋ ਇਸਤਰੀਆਂ ਤੇ ਤਿੰਨ ਬੱਚਿਆਂ ਨੂੰ, (ਜੋ ਡਾ: ਰਘੂਨਾਥ ਸਿੰਘ ਦਾ ਟੱਬਰ ਦੱਸਿਆ ਜਾਂਦਾ ਹੈ) ਸਹੀ ਕਾਗ਼ਜ਼ਾਤ ਵਿਖਾਉਣ 'ਤੇ ਉਤਰਨ ਦਿੱਤਾ ਗਿਆ। ਚੌਥਾ ਬੱਚਾ ਗੁਰਦਿੱਤ ਸਿੰਘ ਦਾ ਸੀ।

" ਇੰਮੀਗ੍ਰੇਸ਼ਨ ਕਾਨੂੰਨ, ਸੱਖ਼ਤੀ ਨਾਲ ਲਾਗੂ ਕੀਤਾ ਜਾਵੇਗਾ" 24 ਮਈ ਨੂੰ ਗ੍ਰਹਿ ਮੰਤਰੀ ਮਾਣਯੋਗ ਡਬਲਯੂ. ਜੇ. ਰੋਚ ਨੇ ਘੋਸ਼ਤ ਕੀਤਾ ਤੇ ਅਖ਼ਬਾਰਾਂ ਵਿਚ ਇਸ ਬਾਰੇ ਸੁਰਖੀਆਂ ਲੱਗ ਗਈਆਂ, "**ਗਵਰਮੈਂਟ ਟੂ ਸ਼ੱਟ ਆਉਟ ਹਿੰਦੂਜ਼**।"
"ਹਿੰਦੂਆਂ ਨੂੰ ਡਾਕਟਰੀ ਮੁਆਇਨਾ ਪਾਸ ਕਰਨਾ ਪਵੇਗਾ।" ਆਦਿ।

ਖਾਲਸਾ ਦੀਵਾਨ ਸੁਸਾਇਟੀ ਦੇ ਸਕੱਤਰ ਸ: ਮਿਤ ਸਿੰਘ ਨੇ, ਗੁਰਦਿੱਤ ਸਿੰਘ ਵੱਲੋਂ, ਮੁਸਾਫਰਾਂ ਦੀ ਮਦਦ ਲਈ ਮਿਲੇ ਸੁਨੇਹੇ ਨੂੰ ਲੈ ਕੇ ਇਕ ਇਕੱਠ ਕੀਤਾ। ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਸ਼੍ਰੀ: ਭਾਗ ਸਿੰਘ ਨੇ ਯੁਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਲੈ ਕੇ, ਕਾਮਾਗਾਟਾ ਮਰੂ ਦੇ ਮੁਸਾਫ਼ਰਾਂ ਦੀ ਮਦਦ ਲਈ, ਪੰਦਰਾਂ ਮੈਂਬਰੀ, "ਸ਼ੋਰ ਕਮੇਟੀ"ਬਣਾਈ। ਸ਼ੋਰ ਕਮੇਟੀ ਦੇ ਮੈਂਬਰ ਦੇ ਨਾਂ ਇਸ ਪ੍ਰਕਾਰ ਸਨ।
ਸ਼੍ਰੀ: ਭਗਗ ਸਿੰਘ, ਭਿੱਖੀਵਿੰਡ, ਹੁਸੈਨ ਰਹੀਮ, ਸ਼੍ਰੀ: ਬਲਵੰਤ ਸਿੰਘ ਖੁਰਦਪੁਰ, ਪੰਡਤ ਸੋਹਨ ਕਾਲ ਪਿੰਡ ਔਲਖ, ਸ਼੍ਰੀ; ਮਿੱਤ ਸਿੰਘ ਪੰਡੋਰੀ, ਸ਼੍ਰੀ: ਕਰਤਾਦਰ ਸਿੰਘ ਨਵਾਂ ਚੰਦ, ਬਾਬੂ ਹਰਨਾਮ ਸਿੰਘ ਸਾਹਰੀ, ਸ਼੍ਰੀ: ਬਤਨ ਸਿੰਘ ਕਾਹਰੀ, ਸ਼੍ਰੀ: ਮੁਨਸ਼ਾ ਸਿੰਘ ਦੁਖੀ, ਸ਼੍ਰੀ: ਰਤਨ ਸਿੰਘ ਰਾਏਪੁਰ ਡੱਬਾ, ਸ਼੍ਰੀ: ਮੁਹੰਮਦ ਅਕਬਰ, ਸ਼੍ਰੀ: ਗੁਰਦਿੱਤ ਸਿੰਘ ਬਿਲਗਾ, ਸ਼੍ਰੀ: ਨੱਥਾ ਸਿੰਘ ਲਿੱਤਰਾਂ, ਸ਼੍ਰੀ: ਪਰਤਾਪ ਸਿੰਘ ਪੁਰੇਵਾਲ ਸ਼ੰਕਰ, ਅਤੇ ਸ਼੍ਰੀ: ਗੰਗ ਸਿੰਘ ।

ਮਿ: ਜੇ. ਐਡਵਰਡ ਬਰਡੰ ਵਕੀਲ ਕੀਤਾ। ਉਸ ਨੂੰ, ਸਰਕਾਰੀ ਅਧੀਕਾਰੀਆਂ ਤੇ ਇੰਮੀਗ੍ਰੇਸ਼ਨ ਦੇ ਮਿਹਕਮੇ ਖ਼ਿਲਾਫ਼, ਕਾਮਾਗਾਟਾ ਮਰੂ ਅਤੇ ਇਸ ਦੇ ਮੁਸਾਫ਼ਰਾਂ ਨੂੰ ਜਬਰੀ ਰੋਕੀ ਰੱਖਣ ਵਿਰੁਧ ਕੇਸ ਤਿਆਰ ਕਰਨ ਲਈ ਕਿਹਾ। ਉਸ ਨੇ ਇੰਮੀਗ੍ਰੇਸ਼ਨ ਦੇ ਇਨਸਪੈਕਟਰ ਮਿ: ਰੀਡ ਕੋਲੋਂ ਜਹਾਜ਼ ਉੱਪਰ ਜਾ ਕੇ ਆਪਣੇ ਮੁਵੱਕਲ ਗੁਰਦਿੱਤ ਸਿੰਘ ਨੂੰ ਮਿਲਣ ਲਈ ਆਗਿਆ ਮੰਗੀ ਪਰ, ਇਜਾਜ਼ਤ ਨਾ ਦਿੱਤੀ ਗਈ। ਇਸ ਤੇ ਮਿ: ਬਰਡ ਨੂੰ ਬਹੁਤ ਹੈਰਾਨੀ

ਹੋਈ ਤਾਂ ਉਸ ਨੇ,"ਦੀ ਵਲਡ" (The World) ਅਖਬਾਰ ਵਿਚ ਇਕ ਬਿਆਨ ਦਿੱਤਾ ਜੋ 24 ਮਈ 1914 ਨੂੰ ਛੱਪਿਆ-

"ਇੰਮੀਗ੍ਰੇਸ਼ਨ ਮਹਿਕਮੇ ਵਾਲੇ ਆਪਣੇ ਅਧਿਕਾਰਾਂ ਦੀ ਦੁਰ-ਵਰਤੋਂ ਕਰ ਰਹੇ ਹਨ ਅਤੇ ਰੂਸੀ ਸਰਕਾਰ ਦੇ ਤੌਰ ਤਰੀਕੇ ਅਪਣਾ ਕੇ, ਬ੍ਰਤਾਨਵੀ ਰਈਅਤ ਨੂੰ ਦਾਖ਼ਲ ਹੋਣ ਤੋਂ, ਜਬਰੀ ਰੋਕ ਰਹੇ ਹਨ। ਜਿਵੇਂ ਇਹ ਕਾਮਾਗਾਟਾ ਮਰੂ ਤੇ ਇਸ ਦੇ ਮੁਸਾਫ਼ਰਾਂ ਨਾਲ ਵਰਤਾਉ ਕਰ ਰਹੇ ਹਨ, ਇਨ੍ਹਾਂ ਨੂੰ, ਐਸਾ ਕਰਨ ਲਈ ਕੋਈ ਵੀ ਕਾਨੂੰਨ ਇਜ਼ਾਜ਼ਤ ਨਹੀਂ ਦਿੰਦਾ। ਇਨ੍ਹਾਂ ਨੇ ਜਹਾਜ਼ ਦੇ ਚਾਰ ਚੁਫੇਰੇ ਹਿੱਥਿਆਰਬੰਦ ਪਹਿਰਾ ਲਗਾ ਦਿੱਤਾ ਹੈ। ਇਹ ਨਾ ਹੀ ਕਿਸੇ ਨੂੰ ਜਹਾਜ਼ 'ਤੇ ਚੜ੍ਹਨ ਦਿੰਦੇ ਹਨ ਤੇ ਨਾ ਹੀ ਕਿਸੇ ਨੂੰ ਜਹਾਜ਼ ਤੋਂ ਬਾਹਰ ਜਾਣ ਦੀ ਆਗਿਆ ਦਿੰਦੇ ਹਨ।"

(ਮਿ: ਰੀਡ ਦੇ ਇਸ ਵਰਤਾਉ ਬਾਰੇ ਪੜ੍ਹੋ, ਟੈਡ ਫਰਗੂਸਨ ਦੀ ਪੁਸਤਕ, "ਵਾਈਟਮੈਨ ਕੰਟਰੀ")

26 ਮਈ ਨੂੰ ਇਸੇ ਅਖ਼ਬਾਰ ਵਿਚ, "ਹਿੰਦੂ ਤੇ ਜਪਾਨੀਆਂ" ਦੇ ਸਿਰਲੇਖ ਹੇਠ ਇਕ ਸੰਪਾਦਕੀ ਲੇਖ ਛੱਪਿਆ ਜਿਸ ਵਿਚ ਮਿ:: ਲੋਰੀਏ ਸਰਕਾਰ ਦੀ, ਜਪਾਨੀ ਸਰਕਾਰ ਨਾਲ, ਜਪਾਨੀ ਆਵਾਸੀਆਂ ਦੇ ਆਵਾਸ ਦੀ ਸੰਧੀ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਸੀ, ***"ਫਿਰ ਵੀ, (ਇਨ੍ਹਾਂ ਦਾ) ਇਹ ਛੋਟਾ ਜਿਹਾ ਆਵਾਸ, ਹਿੰਦੀ ਬ੍ਰਤਾਨਵੀ ਰਈਅਤ ਨਾਲ ਪੱਖਪਾਤ ਕਰਦਾ ਹੈ।"***

30 ਮਈ ਨੂੰ ਸੁਸਾਇਟੀ ਦੀ ਗੁਰਦੁਆਰੇ ਦੇ ਹੇਠਲੇ ਹਾਲ ਵਿਚ ਇਕ ਮੀਟਿੰਗ ਕੀਤੀ। ਜਿਸ ਵਿਚ ਮਿਤ ਸਿੰਘ, ਮੇਵਾ ਸਿੰਘ, ਨਾਜ਼ਰ ਸਿੰਘ, ਦਲੀਪ ਸਿੰਘ, ਮੁਨਸ਼ੀ ਰਾਮ ਆਦਿ ਨੇ ਨਾਨਕ ਜਹਾਜ਼ ਦੀ ਮਦਦ ਲਈ ਮਾਇਆ ਇਕੱਠੀ ਕਰਨ ਦਾ ਫੈਸਲਾ ਕੀਤਾ। ਸੁਸਾਇਟੀ ਤੇ ਸਥਾਨਕ ਹਿੰਦੋਸਤਾਨੀ ਭਾਈਚਾਰੇ ਵਲੋਂ, 337 ਵੈਸਟ ਪੈਂਡਰ ਸਟਰੀਟ ਵੈਨਕੂਵਰ 'ਤੇ ਸਥਿੱਤ ਡੁਮੀਨਿਅਨ ਹਾਲ ਵਿਚ ਇਕ ਇਕੱਠ ਕੀਤਾ ਗਿਆ ਜਿਸ ਵਿਚ, 500-600 ਸਥਾਨਿਕ ਹਿੰਦੋਸਤਾਨੀ, 20 ਗੋਰੇ ਤੇ ਕੁਝ ਪਤਰਕਾਰ ਸ਼ਾਮਲ ਹੋਏ। ਮਿ: ਹੌਪਕਿਨਸਨ ਵੀ ਆਪਣੀ ਸਟੈਨੋ ਨਾਲ ਇਸ ਇਕੱਠ ਵਿਚ ਹਾਜ਼ਰ ਹੋਇਆ। ਆਗੂਆਂ ਵੱਲੋਂ ਕਾਮਾਗਾਟਾ ਮਰੂ ਤੇ ਮੁਸਾਫ਼ਰਾਂ ਦੀ ਹਾਲਤ ਦੱਸ ਕੇ ਮਦਦ ਲਈ ਬੇਨਤੀ ਕਰਨ 'ਤੇ, $5,000 ਨਕਦ ਇਕੱਠਾ ਹੋਇਆ ਤੇ $66,000 ਲੋਕਾਂ ਵੱਲੋਂ ਦੇਣ ਦਾ ਵਾਅਦਾ ਕੀਤਾ ਗਿਆ।

ਕਾਮਾਗਾਟਾ ਮਰੂ ਦੀ ਮਦਦ ਲਈ ਖਾਲਸਾ ਦੀਵਾਨ ਸੁਸਾਇਟੀ ਤੇ ਸ਼ੋਰ ਕਮੇਟੀ ਵੱਲੋਂ ਕੀਤੀ ਗਈ ਅਪੀਲ ਦੀ ਨਕਲ।

<u>ਜਹਾਜ਼ ਦਾ ਸਫਰ</u>

ਇਸ ਗੱਲ ਦੇ ਲਿਖਣ ਦੀ ਕੋਈ ਲੋੜ ਪ੍ਰਤੀਤ ਨਹੀਂ ਹੁੰਦੀ ਕਿ ਹਿੰਦੋਸਤਾਨੀ ਭਰਾ ਕੈਨੇਡਾ ਲਈ ਕਿਸ ਖਾਹਸ਼ ਨਾਲ ਆਪਣੇ ਵਤਨ ਤੋਂ ਚਲਕੇ ਕਲਕਤਾ ਹਾਂਗਕਾਗ ਟਾਪੂਆਂ ਵਗੈਰਾ ਵਿਚ ਰੁਲਦੇ ਹਨ। ਪਿਛਲੇ ਸਾਲ ਤੋਂ ਕੋਈ ਦੋ ਸੌ ਭਰਾ ਹਾਂਗਕਾਂਗ ਦੇ ਗੁਰਦੁਵਾਰੇ ਵਿਚ ਇਸ ਉਡੀਕ ਵਿਚ ਬੈਠੇ ਰਹੇ ਕਿ ਕਦ ਕੋਈ ਕੰਪਨੀ ਟਿਕਟ ਦੇਵੇ ਤਾਂ ਕੈਨੇਡਾ ਪੌਂਚੀਏ. ਪਰ ਬਦਕਿਸਮਤੀ ਹਿੰਦੋਸਤਾਨੀਆਂ ਨੂੰ ਕਿਸੇ ਕੰਪਨੀ ਨੇ ਟਿਕਟ ਨਾ ਦਿਤਾ। ਇਤਫਾਕ ਨਾਲ ਹੀ ਸ੍ਰ: ਗੁਰਦਿਤ ਸਿੰਘ ਜੀ ਸਿੰਘਾਪੁਰ ਤੋਂ ਕਿਸੇ ਆਪਣੇ ਮਤਲਬ ਲਈ ਹਾਂਗਕਾਂਗ ਆਏ, ਅਰ ਗੁਰਦੁਆਰੇ ਵਿਚ ਹਿੰਦੋਸਤਾਨੀਆਂ ਦੀ ਏਹ ਹਾਲਤ ਦੇਖ ਕੇ ਭਰਾਵਾਂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਮੈਂ ਤੁਹਾਨੂੰ ਕਿਸੇ ਤ੍ਰੀਕੇ ਨਾਲ ਕੈਨੇਡੇ ਪੌਂਚਾਵਾਂਗਾ। ਇਸ ਲਈ ਸ੍ਰਦਾਰ ਜੀ ਨੇ ਕਾਮਾਗਾਟਾਮਾਰੂ ਜਹਾਜ਼ ਚਾਟਰ ਕਰਾਇਆ. ਜਦ ਆਪ ਜਹਾਜ਼ ਦੀਆਂ ਤਿਆਰੀਆਂ ਵਿਚ ਸਨ ਤਾਂ ਪੁਲੀਸ ਕੈਪਟਨ ਵਲੋਂ ਕਈ ਤ੍ਰਾਂ ਤਕਲੀਫ਼ਾ ਮਿਲੀਆਂ . ਪਰ ਸ੍ਰਦਾਰ ਜੀ ਨੂੰ ਕਾਨੂੰਨ ਦੇ ਵਰੁਧ ਨਾ ਹੋਇਆ ਦੇਖ ਕਰਕੇ ਪੁਲਸ ਨੂੰ ਵਾਪਿਸ ਹਟਣਾ ਪਿਆ. ਆਪ ਨੂੰ ਪਾਸਿੰਜਰ ਸ੍ਰਟੀਫੀਕੇਟ ਲੈਣ ਵਾਸਤੇ ਭੀ ਤਕਲੀਫਾਂ ਝਲਦਿਆਂ ਹੋਇਆਂ ਪੰਜ ਛੇ ਰੋਜ਼ ਹਾਂਗਕਾਂਗ ਠੇਹਰਨਾਂ ਪਿਆ. ਜਿਸ ਦੇ ਕਾਰਨ ਹਾਂਗਕਾਂਗ ਗਵਰਨਮਿੰਟ ਨੂੰ ਵੀਹ ਹਜ਼ਾਰ ਡਾਲਰ ਰੋਜ ਦਾ ਹਰਜਾਨੇ ਦਾ ਨੋਟਿਸ ਦਿੰਦੇ ਰਹੇ. ਕਲੋਨੀਅਲ ਸੈਕਰੇਟਰੀ ਨੂੰ ਜਹਾਜ਼ ਲਈ ਸ੍ਰਟੀਫਕੇਟ ਦੇਣਾ ਹੀ ਪਿਆ. ਜਹਾਜ਼ ਤੁਰਨ ਦੇ ਸਮੇਂ ਅਜੀਬ ਨਜ਼ਾਰਾ ਸੀ. ਫੌਜੀ ਵਾਜੇ ਸਪਾਹੀ ਤੇ ਕਈ ਫੌਜੀ ਕੰਪਨੀਆਂ ਹਾਜਰ ਸਨ. ਜਹਾਜ਼ ਨੇ ਸਤ ਸ੍ਰੀ ਅਕਾਲ ਤੇ ਅਲੀ ਅਲੀ ਦੇ ਨਾਹਰਿਆਂ ਨਾਲ ਦਿਤੀ ਸਲਾਮੀ ਨਾਲ ਕੂਚ ਕੀਤਾ. ਭਰਾਓ. ਇਕ ਓਹ ਵਕਤ ਸੀ ਕਿ ਹਿੰਦੋਸਤਾਨੀ ਕੌਮਾਂ ਅਪਣੇ ਧਰਮ

ਅਸਤਾਨਾਂ ਤੋਂ ਲੜਦੀਆਂ ਸਨ ਅਰ ਨਫਰਤ ਨਾਲ ਦੂਰ ਦੂਰ ਰੈਹੰਦੀਆਂ ਸਨ. ਅਜ ਏਹ ਵਕਤ ਹੈ ਕਿ ਕਾਮਾਗਾਟਾ ਮਾਰੂ ਜਹਾਜ ਵਿਚ ਇਕ ਤ੍ਰਫ ਗੁਰਦੁਵਾਰਾ ਤੇ ਦੂਸ੍ਰੀ ਤ੍ਰਫ ਮਸੀਤ ਹੈ. ਕਈ ਮੁਸੀਬਤਾਂ ਝਲਦਾ ਹੋਇਆ ਏਹ ਜਹਾਜ ਅਜ ਵੈਨਕੋਵਰ ਦੇ ਘਾਟ ਪਾਸ ਆਨ ਪੁਜਾ ਹੈ. ਇਸ ਜਹਾਜ ਦਾ ਫੈਸਲਾ ਸਿਰਫ 376 ਹਿੰਦੋਸਤਾਨੀਆਂ ਦਾ ਫੇਸਲਾ ਨਹੀ ਹੈ. ਬਲਕਿ ਤੇਤੀ ਕਰੋੜ ਹਿੰਦੋਤਸਾਨੀਆਂ ਦੀ ਕਿਸਮਤ ਦਾ ਫੈਸਲਾ ਹੈ. ਕੁਲ ਹਿੰਦੋਸਤਾਨ ਦੀਆਂ ਅੱਖਾਂ ਇਸ ਜਹਾਜ਼ ਦੇ ਫੈਸਲੇ ਵਲ ਲਗ ਰਹੀਆਂ ਹਨ. ਐ ਸਾਰੇ ਹਿੰਦੋਸਤਾਨੀ ਭਰਾਓ. ਤੁਹਾਡਾ ਫਰਜ ਹੈ ਕਿ ਤੇਤੀ ਕਰੋੜ ਹਿੰਦੋਸਤਾਨੀਆਂ ਦੀ ਕਿਸਮਤ ਦਾ ਫੈਸਲਾ ਕਰਨ ਲਈ ਗਫਲਤ ਦੀ ਨੀਂਦ ਤੋਂ ਜਾਗ ਕੇ ਇਮੀਂਗ੍ਰੇਸ਼ਨ ਦੇ ਮੁਕਾਬਲੇ ਪਰ ਖੂਬ ਡਟ ਕੇ ਤਿਆਰ ਹੋ ਜਾਓ. ਜਦ ਤਕ ਕਿ ਮੋਰਚਾ ਸਰ ਨਾ ਹੋ ਜਾਵੇ ਅਰਾਮ ਨਾਂ ਲਈਏ.
ਮਾਯਾ ਦਾ ਦਾਨ ਇਸ ਪਤੇ ਪਰ ਭੇਜੋ - ਭਾ. ਭਾਗ ਸਿੰਘ, ਮਿਸਟਰ ਰਹੀਮ ਵੈਨਕੂਵਰ ਬੀਸੀ
Bhai Bhag Singh, Mr. Rahim 1866-2nd ave W. Vancouver B.C.
ਨੋਟ . ਜਿਸ ਭਰਾ ਦੇ ਪਿੰਡ ਦਾ ਜਾਂ ਭਾਈਬੰਦ ਇਸ ਲਿਸਟ ਵਿਚ ਹੋਵੇ ਓਹ ਘੱਟੋ ਘੱਟ 25 ਪੰਜ੍ਹੀ ਢਾਲੇ ਭੇਜੇ ਅਤੇ ਦੂਜੇ ਭਰਾ ਪੰਜਾਂ ਡਾਲਿਆਂ ਤੋਂ ਘਟ ਨਾਂ ਭੇਜਣ ਜਿਆਦਾ ਜਿਤਨ ਹੋ ਸਕੇ ਭੇਜਣ.

ਦਾਨ ਦੇਣ ਵਾਲਿਆਂ ਦੀ ਪੜਤਾਲ ਲਈ ਇਸ ਅਪੀਲ ਨਾਲ ਮੁਸਾਫਰਾਂ ਦੀ ਸੂਚੀ ਲੱਗੀ ਹੋਈ ਸੀ। ਦੇਖੋ ਮੁਸਾਫਰਾਂ ਦੀ ਸੂਚੀ।

3 ਜੂਨ 1914 ਨੂੰ ਗੁਰਦਿੱਤ ਸਿੰਘ ਨੇ ਮਿ: ਗਾਰਡਨਰ ਜੌਨ੍ਹਸਨ ਨੂੰ, ਦੋ ਮਹੀਨਿਆਂ ਦੇ ਕਰਾਏ ਦੀ ਕਿਸ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਪਤਰਕਾਰਾਂ ਦੇ ਪੁੱਛਣ 'ਤੇ ਮਿ: ਗਾਰਡਨਰ ਜੌਨ੍ਹਸਨ ਨੇ ਦੱਸਿਆ, "ਗੁਰਦਿੱਤ ਸਿੰਘ ਕੋਲ 1,500 ਟਨ ਕੋਲਾ ਹੈ ਜਿਸ ਵਿੱਚੋਂ ਉਹ 900 ਟਨ ਵੇਚ ਸਕਦਾ ਹੈ ਤੇ ਤਾਂ ਵੀ ਉਸ ਕੋਲ ਵਾਪਿਸ ਜਾਣ ਜੋਗਾ ਕੋਲਾ ਬੱਚ ਜਾਂਦਾ ਹੈ।"
ਮਿ: ਬਰਡ ਨੇ, ਇਸ ਮੁਆਮਲੇ ਬਾਰੇ ਪੁੱਛਣ 'ਤੇ ਕਿਹਾ, "ਜਿੱਥੋਂ ਤਕ ਮੈਂ ਹਾਂ, ਮੈਨੂੰ ਪੱਕਾ ਯਕੀਨ ਹੈ ਕਿ ਓਟਵਾ ਤੋਂ ਇਨ੍ਹਾਂ ਨੂੰ ਪੱਕੇ ਹੁਕਮ ਮਿਲ ਚੁੱਕੇ ਹਨ ਕਿ, ਭਾਵੇਂ ਕੋਈ ਵੀ ਪ੍ਰਮਾਣ ਦਿੱਤੇ ਜਾਣ, ਇਨ੍ਹਾਂ ਹਿੰਦੂਆਂ ਨੂੰ ਕਿਸੇ ਵੀ ਬਿਨਾ 'ਤੇ ਦਾਖ਼ਲ ਨਾ ਹੋਣ ਦਿੱਤਾ ਜਾਵੇ।"

ਬੀਤੀ ਰਾਤ ਜਹਾਜ਼ 'ਤੇ ਮੁਸਾਫ਼ਰਾਂ ਵੱਲੋਂ ਪਹਿਰੇਦਾਰਾਂ ਦੀ ਹਰ ਸਮੇਂ ਦੀ ਮੌਜੂਦਗੀ ਕਾਰਨ ਹੋਈ ਹੱਲਚਲ ਨੂੰ ਲੈ ਕੇ, ਮਿ: ਰੀਡ ਨੇ ਜਹਾਜ਼ ਦੇ ਡੈੱਕ ਤੋਂ ਗਾਰਡ ਉਤਾਰ ਲਏ ਤੇ ਕਿਸ਼ਤੀ ਵਿਚ ਸਵਾਰ ਕਰ ਦਿੱਤੇ।

4 ਜੂਨ 1914 ਨੂੰ, ਆਪਣੇ ਨਾਲ ਹੁੰਦੀਆਂ ਬਦਸਲੂਕੀਆਂ ਦੇ ਵਿਰੋਧ ਵਿਚ ਗੁਰਦਿੱਤ ਸਿੰਘ ਤੇ ਮੁਸਾਫਰਾਂ ਨੇ ਭੁੱਖ ਹੜਤਾਲ ਕਰ ਦਿੱਤੀ ਤੇ ਮਿ: ਬਰਡ, ਇੰਮੀਗ੍ਰੇਸ਼ਨ ਅਫਸਰਾਂ ਦੀ ਮੌਜੂਦਗੀ ਵਿਚ ਗੁਰਦਿੱਤ ਸਿੰਘ ਨੂੰ ਮਿਲਿਆ।

ਮਿ: ਬਰਡ ਨੇ, ਜਹਾਜ਼ ਦੇ ਮੁਸਾਫਰਾਂ ਵੱਲੋਂ, ਆਪਣੀ ਹਾਲਤ ਤੇ ਰਸਦ ਪਾਣੀ ਬਾਰੇ, ਕੈਨੇਡਾ ਦੇ ਗਵਰਨਰ ਜਨਰਲ, ਹਿਜ਼ ਮੈਜਸਟੀ ਐਂਡ ਡਿਊਕ ਔਫ਼ ਕਨੌਟ ਨੂੰ, ਮਿ: ਰੀਡ ਰਾਹੀਂ ਅਪੀਲ ਭੇਜੀ। ਇੱਥੇ ਇਹ ਦੱਸਣ ਦੀ ਵੀ ਲੋੜ ਹੈ ਕਿ 'ਜਹਾਜ਼ ਤੋਂ ਸਾਹਲ' ਤੇ ਹੋਰ ਕਿਤੇ ਨੂੰ ਹੁੰਦਾ ਸੰਚਾਰ, ਸੁਨੇਹਾ ਪੱਤਰ ਮਿ: ਰੀਡ ਰਾਹੀਂ ਹੀ ਕੀਤਾ ਜਾਂਦਾ ਜਾਂ ਕੀਤਾ ਜਾ ਸਕਦਾ ਸੀ।

ਇੱਥੇ ਇਹ ਦੱਸ ਦੇਣ ਵਿਚ ਕੋਈ ਉਕਾਈ ਨਹੀਂ ਹੋਵੇਗੀ ਕਿ ਸਾਰਾ ਗੋਰਾ ਭਾਈਚਾਰੇ ਹਿੰਦੋਸਤਾਨੀਆਂ ਦੇ ਖ਼ਿਲਾਫ਼ ਨਹੀਂ ਸੀ। ਬਹੁਤ ਸਾਰੇ ਐਸੇ ਵੀ ਲੋਕ ਸਨ ਜੋ ਇਨ੍ਹਾਂ ਦੇ ਹੱਕ ਵਿਚ ਆਵਾਜ਼ ਉਠਾਉਂਦੇ ਸਨ। ਜਿਵੇਂ 4 ਜੂਨ 1914 ਨੂੰ, "ਦੀ ਡੇਲੀ ਨਿਊਜ਼ ਐਡਵਰਟਾਈਜ਼ਰ" ਦੇ 'ਐਡੀਟਰ ਨੂੰ ਖੱਤ' ਵਿਚ, ਅਰਨੈਸਟ ਮੰਨਿੰਗਜ਼ ਦੇ ਛੱਪੇ ਖਤ ਦੇ ਹੇਠ ਲਿਖੇ ਅੰਸ਼ ਤੋਂ ਦੇਖਿਆ ਜਾ ਸਕਦਾ ਹੈ।

" ਸ਼੍ਰੀਮਾਨ ਜੀ,

ਇਕ ਸ਼ਹਿਰ ਤੇ ਮੁਲਕ ਹੁੰਦੇ ਹੋਏ, ਅਸੀਂ ਨਵਾਂ ਇਤਿਹਾਸ ਰੱਚ ਰਹੇ ਹਾਂ ਤੇ ਇਕ ਬਹੁਤ ਹੀ ਭੱਦਾ ਪੰਨਾ ਲਿਖ ਰਹੇ ਹਾਂ।

ਸਾਡਾ, ਸਾਡੀ ਬੰਦਰਗਾਹ ਵਿਚ ਇਕ ਜਪਾਨੀ ਜਹਾਜ਼ 'ਤੇ ਹਿੰਦੂਆਂ ਨਾਲ ਕੀਤੇ ਜਾ ਰਿਹਾ ਵਿਵਹਾਰ, ਇਕ ਸੱਭਿਅਕ ਮੁਲਕ ਲਈ ਦੁਰਕਾਰਨ ਯੋਗ ਹੈ। ... ਕੀ ਵੈਨਕੂਵਰ ਵਿਚ ਇਕ ਵੀ ਗੋਰਾ ਆਦਮੀ ਨਹੀਂ? ਐਨਾਂ ਵੀ ਗੋਰਾ ਨਹੀਂ ਕਿ ਉਹ ਇਸ ਕੀਤੇ ਜਾ ਰਹੇ ਕਮੀਨੇ ਵਿਵਹਾਰ ਤੇ ਗੰਦੇ ਰਵਈਏ 'ਤੇ ਅਤੇ ਜੋ ਕਾਰਾ ਅਸੀਂ ਕਰ ਰਹੇ ਹਾਂ "ਦੁਰ ਫਿੱਟੇ ਮੂੰਹ" ਕੁਰਲਾ ਸਕੇ?? ... ਜੇ ਕਰ ਅਸੀਂ ਉਨ੍ਹਾਂ ਨੂੰ ਉਤਰਨ ਨਹੀਂ ਦਿਆਂਗੇ ਤਾਂ ਆਓ ਅਸੀਂ ਉਨ੍ਹਾਂ ਨੂੰ, ਉਨ੍ਹਾਂ ਦੇ ਆਪਣਿਆਂ ਨਾਲ ਹੀ ਮਿਲਣ ਤੇ ਦੇਖਣ ਦੇਣਾ ਸੁਖਾਵਾਂ ਕਰ ਦੇਈਏ ਅਤੇ ਉਨ੍ਹਾਂ ਨੂੰ ਦੇਖਣ ਦੇਈਏ ਕਿ ਅਸੀਂ ਪਲਸਤਰ 'ਤੇ ਨਕਸ਼ ਨਹੀਂ ਹਾਂ ਬਲਕਿ ਧੜਕਦੇ ਦਿਲ ਰੱਖਣ ਵਾਲੇ ਬੰਦੇ ਹਾਂ, ਉਹ ਬੰਦੇ, ਜੋ ਮਹਿਸੂਸ ਕਰ ਸਕਦੇ ਹਨ, ਸੋਚ ਸਕਦੇ ਹਨ, ਹਮਦਰਦੀ ਜਿਤਾ ਸਕਦੇ ਹਨ।"

4 ਜੂਨ ਰਾਤ ਨੂੰ ਚੁਣਵੇਂ ਬੰਦਿਆਂ, ਬਲਵੰਤ ਸਿੰਘ, ਭਾਗ ਸਿੰਘ, ਹੁਸੈਮ ਰਹੀਮ, ਸੋਹਣ ਲਾਲ, ਮਿਤ ਸਿੰਘ, ਉਧਮ ਸਿੰਘ ਕਸੇਲ, ਭਾਨ ਸਿੰਘ, ਅਰਜਨ ਸਿੰਘ, ਜਗਤ ਸਿੰਘ, ਬਤਨ ਸਿੰਘ, ਜਵਾਲਾ ਸਿੰਘ ਅਤੇ ਮੇਵਾ ਸਿੰਘ ਨੇ ਇਕ ਗੁਪਤ ਮੀਟਿੰਗ ਕੀਤੀ। ਜਿਸ ਵਿਚ ਸਰਬ ਸੰਮਤੀ ਨਾਲ ਫੈਸਲਾ ਹੋਇਆ ਕਿ ਨਾਨਕ ਜਹਾਜ਼ ਨੂੰ ਰਾਸ਼ਨ ਪਹੁੰਚਾਇਆ ਜਾਏ।

5 ਜੂਨ 1914 ਨੂੰ, ਮੇਵਾ ਸਿੰਘ ਤੇ ਹਰਨਾਮ ਸਿੰਘ ਨੇ ਦੋ ਜਪਾਨੀ ਮਛੇਰਿਆਂ ਦੀ ਮਦਦ ਨਾਲ, ਰਾਤ ਦੇ ਹਨੇਰੇ ਵਿਚ, ਕਾਮਾਗਾਟਾ ਮਰੂ ਨੂੰ ਰਸਦ ਪਾਣੀ ਪਹੁੰਚਾਉਣ ਵਿਚ ਕਾਮਯਾਬ ਹੋ ਗਏ ਪਰ, ਅਗਨ ਬੋਟ ਦਾ ਰੌਲਾ ਸੁਣ ਕੇ, ਸੀ. ਪੀ. ਆਰ. ਪੀਅਰ ਤੋਂ ਪੁਲੀਸ ਨੇ ਦੇਖ ਲਿਆ। ਪਿੱਛਾ ਕਰਨ 'ਤੇ ਫੜੇ ਗਏ। ਪੁੱਛਣ 'ਤੇ ਸਾਫ ਸਾਫ ਦੱਸਣ ਤੇ ਰਿਹਾ ਕਰ ਦਿੱਤੇ ਗਏ।

6 ਜੂਨ 1914 ਨੂੰ ਮਿਸਿੱਜ਼ ਐਨੀ ਬਸੰਤ, ਮਦਰਾ ਸਵਸੀ, ਨੇ ਹਿੰਦੋਸਤਾਨੀਆਂ ਲਈ ਅਪੀਲ ਕੀਤੀ ਤੇ ਕਿਹਾ, *"ਇਸ ਤਰ੍ਹਾਂ ਰੰਗਦਾਰ ਲੋਕਾਂ ਨੂੰ ਭੜਕਾਉਣ ਨਾਲ ਬ੍ਰਤਾਨੀਆ ਬਹੁਤ ਨੁਕਸਾਨ ਉਠਾਵੇਗਾ।"*

ਗੁਰਦਿੱਤ ਸਿੰਘ ਨੇ ਗਵਰਨਰ ਜਨਰਲ ਨੂੰ ਲਿਖਿਆ, "ਚਾਰ ਦਿਨ ਤੋਂ ਖਾਣ ਪੀਣ ਨੂੰ ਕੁਛ ਨਹੀਂ । ਮਿ: ਰੀਡ, ਰਸਦ ਪਾਣੀ ਨਹੀਂ ਦੇ ਰਿਹਾ। ਕਰਾਏਦਾਰ ਤੇ ਮੁਸਾਫਰ ਭੁੱਖੇ ਭਾਣੇ ਕੈਦੀ ਬਣੇ ਬੈਠੇ ਹਨ।"

ਗੁਰਦਿੱਤ ਸਿੰਘ ਵੱਲੋਂ ਭੇਜੇ ਖਤ ਬਾਰੇ ਪੁੱਛਣ 'ਤੇ ਮਿ: ਗਾਰਡਨਰ ਜੌਨ੍ਹਸਨ ਨੇ ਬਿਆਨ ਦਿੰਦਿਆਂ ਕਿਹਾ, "ਮੈਂ ਗੁਰਦਿੱਤ ਸਿੰਘ ਨੂੰ ਖਾਣ ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਦੀ ਫਹਿਰਿਸਤ ਦੇ ਦਿੱਤੀ ਹੈ। ਮੁਸਾਫਰਾਂ ਨੂੰ ਰਸਦ ਪਾਣੀ ਦੇਣਾ ਗੁਰਦਿੱਤ ਸਿੰਘ ਦੀ ਜ਼ੁੰਮੇਵਾਰੀ ਹੈ।"

7 ਜੂਨ 1914 ਨੂੰ, "ਦੀ ਡੇਲੀ ਨਿਊਜ਼ ਐਡਵਰਟਾਈਜ਼ਰ" ਨੇ ਆਪਣੀ ਸੰਪਾਦਕੀ ਵਿਚ ਹਿੰਦਆਂ ਦੇ ਹੱਕ ਵਿਚ ਕਹਿੰਦਿਆਂ ਲਿਖਿਆ -

"... ਅਸੀਂ ਕਿਸੇ ਵੀ ਟੀਕਾ ਟਿਪਣੀ ਤੋਂ ਬਿਨਾ ਤੁਰਕ, ਬਾਲਕਿਨ ਤੇ ਨੀਗਰੋਜ਼ ਨੂੰ ਆਪਣੀਆਂ ਪਤਨੀਆਂ ਨਾਲ ਲਿਆਉਣ ਦੇਈ ਜਾਂਦੇ ਹਾਂ, ਜੋ ਸਾਂਝੀਆਂ ਇਸਤਰੀਆਂ ਰੱਖਦੇ ਹਨ। ਜੇ ਕਰ ਇਹ ਇੱਨਾਂ ਹੀ ਬੁਰਾ ਨਹੀਂ ਤਾਂ, ਉਹ ਇਸਾਈ ਵੀ ਨਹੀਂ ਹਨ ਪਰ, ਹਿੰਦੂਆਂ ਦੀਆਂ ਪਤਨੀਆਂ ਨੂੰ ਅਸੀਂ ਆਉਣ ਤੋਂ ਰੋਕਿਆ ਹੋਇਆ ਹੈ। ਅਸੀਂ, ਇਕ ਉਹ ਮੁਲਕ ਜਿਹੜਾ ਕਿ ਬ੍ਰਤਾਨਵੀ ਸਾਮਰਾਜ ਦੀ ਅਖੰਡਤਾ ਲਈ ਮਹੱਤਵਪੂਰਨ ਹੈ, ਉਸ ਨਾਲ ਪਸੂਆਂ ਵਰਗੀ ਅਪਮਾਣਤਾ ਲਈ ਚੁਣ ਰੱਖਿਆ ਹੈ।"

ਡਾ: ਮੁਨਰੋ, ਜਹਾਜ਼ 'ਤੇ ਮੁਸਾਫਰਾਂ ਨੂੰ ਦੇਖਣ ਲਈ ਗਿਆ। ਦਵਾਈਆਂ ਮੁਲ ਲੈਣ ਲਈ ਕਿਹਾ ਤਾਂ ਗੁਰਦਿੱਤ ਸਿੰਘ ਨੇ ਦਵਾਈਆਂ ਦੇ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ।

8 ਜੂਨ 1914 ਨੂੰ ਗੁਰਦਿੱਤ ਸਿੰਘ ਨੇ ਭੁੱਖ ਹੜਤਾਲ ਖਤਮ ਕਰ ਦਿੱਤੀ।

9 ਜੂਨ ਨੂੰ, ਰਾਸ਼ਨ ਨਾ ਮਿਲਣ 'ਤੇ ਮੁਸਾਫਰਾਂ ਨੇ ਭੁੱਖ ਹੜਤਾਲ ਦਾ ਐਲਾਨ ਕਰ ਦਿੱਤਾ। ਤਾਂ, ਗੁਰਦਿੱਤ ਸਿੰਘ ਦੇ ਸਕੱਤਰ ਦਲਜੀਤ ਸਿੰਘ ਨੇ, ਰਸਦ ਦੀ ਪੇਸ਼ਕਸ਼ ਨਾਲ ਨੱਥੀ ਕੀਤੀ, ਮਿ: ਰੀਡ ਦੀ ਸ਼ਰਤ 'ਤੇ, *"ਰਾਸ਼ਨ ਲੈਣ ਲਈ ਉਨ੍ਹਾਂ ਨਾਲ ਮਿ:ਹੌਪਕਿਨਸਨ ਵੀ ਜਾਏਗਾ"* ਰਸਦ ਲੈਣੀ ਕਬੂਲ ਕਰ ਲਈ। ਪਰ ਇਸ ਨਾਲ ਆਪਣੀ ਸ਼ਰਤ ਵੀ ਰੱਖ ਦਿੱਤੀ ਕਿ ਉਹ ਰਸਦ ਜਹਾਜ਼ ਉੱਪਰ ਪਹੁੰਚਾਈ ਜਾਵੇਗੀ।

10 ਜੂਨ 1914 ਨੂੰ, 14 ਹਿੰਦੋਸਤਾਨੀਆਂ ਨੂੰ ਜਹਾਜ਼ ਤੋਂ ਉਤਰਨ ਦੀ ਆਗਿਆ ਦੇ ਦਿੱਤੀ ਗਈ।

ਇਸੇ ਦਿਨ ਹੁਸੈਨ ਰਹੀਮ ਨੇ ਮਿ: ਗਾਰਡਨਰ ਜੌਨ੍ਸਨ ਨੂੰ $11,000 ਦਾ ਇਕ ਚੈੱਕ ਦਿੱਤਾ ਤੇ ਕਿਹਾ ਉਹ ਜਹਾਜ਼ ਦਾ ਪੂਰਾ ਕਰਾਇਆ ਦੇ ਦੇਵੇਗਾ ਜੇ ਜਹਾਜ਼ ਦਾ ਪਟਾ ਉਸਦੇ ਨਾਂ ਤਬਦੀਲ ਕਰ ਦਿੱਤਾ ਜਾਵੇ। ਮਿ: ਗਾਰਡਨਰ ਨੇ ਉਸ ਦੀ ਇਹ ਪੇਸ਼ਕਸ਼ ਮਾਲਕਾਂ ਨੂੰ ਭੇਜ ਦਿੱਤੀ ਜੋ ਸਵੀਕਾਰ ਕਰ ਲਈ ਗਈ ਤੇ ਪਟਾ ਭਾਗ ਸਿੰਘ ਤੇ ਹੁਸੈਨ ਰਹੀਮ ਦੇ ਨਾਂ ਤਬਦੀਲ ਕਰ ਦਿੱਤਾ ਗਿਆ।

11 ਜੂਨ 1914 ਨੂੰ, ਖਾਲਸਾ ਦੀਵਾਨ ਸੁਸਾਇਟੀ ਵੱਲੋਂ, ਕਈ ਟਨ ਖਾਣਾ ਕਾਮਾਗਾਟਾ ਮਰੂ ਲਈ ਭੇਜਿਆ।

ਕਾਮਾਗਾਟਾ ਮਰੂ ਮੁਸਾਫਰਾਂ ਦੇ ਕੇਸ ਦੀ ਜਾਂਚ ਲਈ ਇਕ 'ਬੋਰਡ ਔਫ ਇਨਕੁਆਇਰੀ' ਬਣਾਇਆ ਗਿਆ। ਜਿਸ ਦਾ ਚੇਅਰਮੈਨ ਮਿ: ਰੀਡ ਖੁੱਦ ਆਪ ਸੀ। ਇਸ ਵਿਚ ਮਿ: ਰੌਬਿਨ ਐਲ. ਰੀਡ ਅਤੇ ਮਿ: ਬੀ. ਏ. ਰਿਚੀ ਸਰਕਾਰ ਵੱਲੋਂ ਸਨ। ਮਿ: ਰਿਚੀ, ਇਸੇ ਮਹਿਕਮੇਂ ਦਾ ਵਕੀਲ ਸੀ। ਮਿ: ਬਰਡ ਮੁਸਾਫਰਾਂ ਵੱਲੋਂ ਬਤੌਰ ਵਕੀਲ ਸਨ। ਕੁਝ ਚਿਰ ਬਾਅਦ, ਮਿ: ਰੀਡ ਨੇ, ਇਹ ਬਹਾਨਾ ਬਣਾ ਕੇ ਬੋਰਡ ਬਰਖਾਤ ਕਰ ਦਿੱਤਾ ਕਿ ਸਟਾਫ਼ ਦੀ ਦਫਤਰ ਦੇ ਰੋਜ਼ਾਨਾ ਕੰਮ ਕਾਰ ਵਿਚ ਸੱਖ਼ਤ ਲੋੜ ਹੈ।

18 ਜੂਨ 1914 ਨੂੰ, ਜਹਾਜ਼ ਦੇ ਮਾਲਕਾਂ ਨੇ ਹੁਕਮ ਦਿੱਤਾ ਕਿ ਜੇ 24 ਜੂਨ ਤਕ ਦੋ ਮਹੀਨੇ ਦਾ ਕਰਾਇਆ ਨਾ ਦਿੱਤਾ ਗਿਆ ਤਾਂ ਉਹ ਜਹਾਜ਼ ਨੂੰ ਵਾਪਿਸ ਬੁਲਾ ਲੈਣਗੇ। ਇਸ ਹੁਕਮ ਦੇ ਮਿਲਣ 'ਤੇ 20 ਜੂਨ ਨੂੰ ਹੁਸੈਨ ਰਹੀਮ ਤੇ ਭਾਗ ਸਿੰਘ ਨੇ ਮਿ: ਗਾਰਡਨਰ ਨੂੰ $4,000 ਹੋਰ ਦਿੱਤੇ ਤੇ ਐਲਾਨ ਕਰ ਦਿੱਤਾ ਇਕ ਅੱਜ ਤੋਂ ਜਹਾਜ਼ ਦੇ ਕਰਾਏਦਾਰ ਉਹ ਹਨ।

21 ਜੂਨ ਨੂੰ ਖਾਲਸਾ ਦੀਵਾਨ ਸੁਸਾਇਟੀ ਅਤੇ ਯੁਨਾਈਟਿਡ ਇੰਡੀਆ ਲੀਗ ਨੇ ਮਿਲ ਕੇ, ਨਾਨਕ ਜਹਾਜ਼ (ਕਾਮਾਗਾਟਾ ਮਰੂ) ਦੀ ਮਦਦ ਲਈ, ਡੁਮੀਨੀਅਨ ਹਾਲ ਵਿਚ ਇਕ ਇਕੱਠ ਕੀਤਾ। ਇਸ ਵਿਚ 400 ਹਿੰਦੋਸਤਾਨੀ ਅਤੇ 125 ਦੇ ਕਰੀਬ ਗੋਰੇ ਸ਼ਮਲ ਹੋਏ। ਇਸ ਮੀਟਿੰਗ ਦੇ ਮੁੱਖ ਬੁਲਾਰੇ ਵਕੀਲ ਮਿ: ਬਰਡ ਨੇ, ਸਰਕਾਰ ਵੱਲੋਂ ਹੋ ਰਹੀ ਵਧੀਕੀ 'ਤੇ ਚਾਨਣ ਪਾਇਆ।

23 ਜੂਨ ਨੂੰ ਕਾਮਾਗਾਟਾ ਮਰੂ ਦੇ ਵਿਰੋਧੀ ਗੋਰਿਆਂ ਨੇ ਡੁਮੀਨਿਅਨ ਹਾਲ ਵਿਚ ਹੀ ਇਕ ਮੀਟਿੰਗ ਕੀਤੀ ਜਿਸ ਵਿਚ ਐੱਮ. ਪੀ. ਹੈਰੀ ਸਟੀਵਨਜ਼ ਮੁੱਖ ਬੁਲਾਰਾ ਸੀ। ਜਿੱਥੇ ਮਿ: ਸਟੀਵਨਜ਼ ਨੇ ਕਾਮਾਗਾਟਾ ਮਰੂ ਤੇ ਹਿੰਦੋਸਤਾਨੀਆਂ ਵਿਰੁਧ ਬਹੁਤ ਕੁਝ ਕਿਹਾ। ਜਦੋਂ, ਹਿੰਦੋਸਤਾਨੀਆਂ ਦੀ ਇਕ ਟੋਲੀ, ਮੀਟਿੰਗ ਵਿਚ ਦਾਖ਼ਲ ਹੋਣ ਲਈ ਗਈ ਤਾਂ ਪੁਲੀਸ ਨੇ ਉਨ੍ਹਾਂ ਨੂੰ ਦਰਵਜ਼ੇ ਤੋਂ ਹੀ ਵਾਪਿਸ ਮੋੜ ਦਿੱਤਾ।

ਇਸੇ ਦਿਨ ਜਦੋਂ ਹੁਸੈਨ ਰਹੀਮ, ਭਾਗ ਸਿੰਘ ਤੇ 15 ਹੋਰ ਹਿੰਦੋਸਤਾਨੀਆਂ ਨੇ ਜਹਾਜ਼ 'ਤੇ ਜਬਰਦੱਸਤੀ ਜਾਣ ਦੀ ਕੋਸ਼ਿਸ਼ ਕੀਤੀ ਤਾਂ ਨਾ ਜਾਣ ਦਿੱਤੇ ਗਏ। ਇੱਥੇ, ਜਹਾਜ਼ ਉੱਪਰ ਮੁਸਾਫਰਾਂ ਨੇ, ਅਫਸਰਾਂ ਆਦਿ ਨਾਲ ਗੱਲ-ਬਤ ਕਰਨ ਲਈ ਜਹਾਜ਼ ਕਮੇਟੀ ਬਣਾਈ।

ਮਿ: ਰੀਡ, ਜਹਾਜ਼ ਦੇ ਪਟੇ ਦੇ ਤਬਦੀਲ ਹੋਣ ਤੋਂ ਨਾਖ਼ੁਸ਼ ਸੀ ਇਸ ਕਰ ਕੇ ਉਹ ਨਵੇਂ ਕਰਾਏਦਾਰਾਂ ਨੂੰ, ਤਰ੍ਹਾਂ ਤਰ੍ਹਾਂ ਦੇ ਉਜਰ ਨਾਲ ਤੰਗ ਕਰਦਾ ਸੀ। ਜਿਵੇਂ ਵਾਇਰਲੈਸ ਲਗਵਾਣਾ, ਜੂਨ ਤੋਂ ਜੁਲਾਈ ਤਕ ਜਹਾਜ਼ ਦੇ ਰੁਕਣ ਦਾ ਕਰਾਇਆ, ਮੁਸਾਫਰਾਂ ਦੀ ਖੁਰਾਕ ਦਾ ਖਰਚ, ਵਕੀਲ ਦੀ ਫੀਸ, ਆਦਿ।

ਮਿ: ਰੀਡ ਨੇ, ਕਾਮਾਗਾਟਾ ਮਰੂ ਦੇ ਮੁਸਾਫ਼ਰਾਂ ਨੂੰ, 24 ਜੂਨ ਦੀ ਰਾਤ ਨੂੰ 11 ਵਜੇ ਜਾਣ ਵਾਲੇ ਜਹਾਜ਼ ਐੱਮਪਰੈਸ ਵਿਚ, ਜਬਰਦੱਸਤੀ ਭੇਜਣ ਲਈ ਓਟਵਾ ਤੋਂ ਤਾਰ ਰਾਹੀਂ ਇਜਾਜ਼ਤ ਮੰਗੀ ਪਰ, ਪ੍ਰਧਾਨ ਮੰਤਰੀ ਮਿ: ਬੋਰਡਨ ਨੇ ਆਗਿਆ ਨਾ ਦਿੱਤੀ। ਪਰ, ਡਬਲਯੂ. ਡੀ. ਸਕੌਟ ਨੇ ਮਿ: ਰੀਡ ਨੂੰ ਹਦਾਇਤ ਕੀਤੀ, *"ਤੁਹਾਨੂੰ ਕੋਈ ਅਜਿਹਾ ਕਦਮ ਨਹੀਂ ਚੁੱਕਣਾ ਚਾਹੀਦਾ, ਜਿਸ ਵਿਚ ਕਾਨੂੰਨੀ ਵਿਰੋਧ ਹੁੰਦਾ ਹੋਵੇ। ਜੇ ਮੁਸਾਫ਼ਰ ਕਾਨੂੰਨ ਦੀ ਆੜ ਲੈਂਦੇ ਹਨ ਤਾਂ ਇਹ ਜ਼ਰੂਰੀ ਹੈ ਕਿ ਅਦਾਲਤ ਦੀ ਸਹਾਇਤਾ ਲਈ ਜਾਵੇ ਜਿਹੜੀ ਅਸਲ ਮੁੱਦਿਆਂ ਨੂੰ ਆਧਾਰ ਬਣਾ ਕੇ ਕਾਨੂੰਨ ਨੂੰ ਲਾਗੂ ਕਰ ਸਕੇ।"*

ਬੋਰਡ ਔਫ ਇਨਕੁਆਇਰੀ ਦੇ ਵਕੀਲਾਂ ਵੱਲੋਂ, ਮਿ: ਬਰਡ ਨੂੰ ਸੁਝਾ ਦਿੱਤਾ ਕਿ ਹਰ ਮੁਸਾਫਰ ਦੇ ਕੇਸ ਦੀ ਜਾਂਚ-ਪੜਤਾਲ ਕਰਨ ਦੀ ਥਾਂ ਇਕ ਟੈਸਟ ਕੇਸ ਲੈ ਲਿਆ ਜਾਵੇ ਇਸ ਤਰ੍ਹਾਂ ਸਮਾਂ ਬਚ ਜਾਵੇਗਾ। ਮਿ: ਬਰਡ ਨੇ ਦਿਲੋਂ ਨਾ ਚਾਹੁੰਦੇ ਹੋਏ ਨੇ ਸੁਸਾਇਟੀ ਦੇ ਕਹਿਣ 'ਤੇ ਇਹ ਸੁਝਾ 24 ਜੂਨ ਨੂੰ ਮੰਨ ਲਿਆ। ਕਿਉਂਕਿ ਪਹਿਲੀ ਜੂਨ ਨੂੰ ਮੁਸਾਫਰਾਂ ਦੀ ਕੀਤੀ ਡਾਕਟਰੀ ਵਿਚ 90ਇਆਂ ਨੂੰ ਫੇਲ ਕਰ ਦਿੱਤਾ ਗਿਆ ਸੀ।

25 ਜੂਨ ਨੂੰ ਇਸ ਕੇਸ ਲਈ, ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਗੁਲਪੁਰ ਦੇ ਮੁਨਸ਼ੀ ਸਿੰਘ ਨੂੰ ਇਨਕੁਆਇਰੀ ਬੋਰਡ ਦੇ ਪੇਸ਼ ਕੀਤਾ ਗਿਆ। ਉਸ ਵਿਚ ਮਿ: ਰੀਡ, ਇਨਸਪੈਕਟਰ ਹਾਵਰਡ ਤੇ ਮਿ: ਐਲੀਅਟ, ਪੈਨਲ ਦੇ ਮੈਂਬਰ ਸਨ। ਉਸਨੇ ਬੋਰਡ ਦੇ ਪੁੱਛਣ 'ਤੇ ਦੱਸਿਆ ਕਿ ਉਹ ਮਜ਼ਦੂਰ ਨਹੀਂ। ਇਕ ਕਸਾਨ ਹੈ। ਬੋਰਡ ਨੇ ਉਸ ਦੀ ਗੱਲ ਅਣਸੁਣੀ ਕਰ ਕੇ ਫੈਸਲਾ ਦਿੱਤਾ ਕਿ ਉਹ ਕਲਕੱਤੇ ਤੋਂ ਸਿੱਧਾ ਸਫ਼ਰ ਕਰ ਕੇ ਕੈਨੇਡਾ ਨਹੀਂ ਪਹੁੰਚਿਆ ਤੇ ਨਾ ਹੀ ਉਸ ਕੋਲ $200 ਹੈ। ਉਹ ਕਿਸਾਨ ਨਹੀਂ ਇਕ ਅਣ-ਸਿੱਖਿਆ ਮਜ਼ਦੂਰ ਹੈ। ਇਸ ਲਈ ਉਸ ਨੂੰ ਦੇਸ ਨਿਕਾਲੇ ਦਾ ਹੁਕਮ ਦਿੱਤਾ ਜਾਂਦਾ ਹੈ।

ਮੁਨਸ਼ੀ ਸਿੰਘ ਨੇ ਕਲਕੱਤੇ ਤੋਂ ਸਿੱਧਾ ਟਿਕਟ ਨਾ ਮਿਲਣ ਤੇ ਕੋਈ ਜਹਾਜ਼ ਨਾ ਆਉਣ ਬਾਰੇ ਵੀ ਦੱਸਿਆ ਪਰ ਬੋਰਡ ਨੇ ਇਕ ਨਾ ਸੁਣੀ।

ਬੋਰਡ ਨੇ ਸਾਰੇ ਮੁਸਾਫ਼ਰਾਂ ਨੂੰ ਵਾਪਿਸ ਭੇਜਣ ਦਾ ਫ਼ੈਸਲਾ ਕਰ ਦਿੱਤਾ।

ਇਹ ਫੈਸਲਾ ਸੁਣ ਕੇ ਮਿ: ਬਰਡ ਰੋਕ ਦੀ ਅਪੀਲ ਕਰਨ ਦੀ ਤਿਆਰੀ ਲਈ ਵਿਕਟੋਰੀਆ ਚਲੇ ਗਿਆ।

ਜਹਾਜ਼ 'ਤੇ ਪਾਣੀ ਮੁੱਕ ਗਿਆ ਸੀ। ਇਸ 'ਤੇ ਮੁਸਫਰਾਂ ਨੇ ਗਵਰਨਰ ਜਨਰਲ ਨੂੰ ਤਾਰ ਦਿੱਤੀ, "ਇੰਮੀਗ੍ਰੇਸ਼ਨ ਮਹਿਕਮੇ ਨੂੰ ਪਾਣੀ ਲਈ ਕਿੰਨੀਆਂ ਹੀ ਬੇਨਤੀਆਂ ਕੀਤੀਆਂ ਹਨ ਪਰ, ਉਨ੍ਹਾਂ ਦਾ ਕੋਈ ਫ਼ਾਇਦਾ ਨਹੀਂ ਹੋਇਆ। ਇਸ ਭੈੜੇ ਸਲੂਕ ਨਾਲੋਂ ਤਾਂ ਚੰਗਾ ਹੈ ਗੋਲੀ ਮਾਰ ਦਿਓ।"

ਮਿ: ਗਾਰਡਨਰ ਨੇ ਹੁਸੈਨ ਰਹੀਮ ਦੀ ਅਦਾਇਗੀ ਦੇ ਵਾਅਦੇ 'ਤੇ 103 ਟਨ ਪਾਣੀ ਜਹਾਜ਼ ਨੂੰ ਪਹੁੰਚਾ ਦਿੱਤਾ।

ਬੋਰਡ ਦੇ ਫੈਸਲੇ ਨੂੰ ਲੈ ਕੇ ਖਾਲਸਾ ਦੀਵਾਨ ਸੁਸਾਇਟੀ ਦੇ ਕਹਿਣ ਤੇ ਮਿ: ਬਰਡ ਨੇ "ਹੈਬੀਅਸ ਕੌਰਪਸ" ਦੀ ਆੜ ਵਿਚ ਬੀ.ਸੀ. ਦੀ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ। 26 ਤੋਂ 30 ਜੂਨ 1914 ਤਕ, ਜੱਜ ਮੈਕਡੌਨਲਡ, ਜੱਜ ਇਰਵਿੰਗ, ਜੱਜ ਮਾਰਟਿਨ ਤੇ ਜੱਜ ਫ਼ਿਲਪਸ ਦੀ ਅਦਾਲਤ ਵਿਚ ਮੁਨਸ਼ੀ ਸਿੰਘ ਦੇ ਕੇਸ ਦੀ ਸੁਣਵਾਈ ਹੋਈ। ਕੋਰਟ ਨੇ 6 ਜੁਲਾਈ ਤਕ ਫੈਸਲਾ ਰਾਖਵਾਂ ਰੱਖ ਲਿਆ।

6 ਜੁਲਾਈ ਨੂੰ ਕੋਰਟ ਨੇ, ਇੰਮੀਗ੍ਰੇਸ਼ਨ ਕਾਨੂੰਨ ਦੇ ਸੈਕਸ਼ਨ 23 ਅਧੀਨ ਇਨਕੁਆਇਰੀ ਬੋਰਡ ਦੇ ਫੈਸਲੇ ਨੂੰ ਬਰਕਰਾਰ ਰੱਖ ਕੇ ਅਪੀਲ ਖਾਰਜ ਕਰ ਦਿੱਤੀ।

ਮਿ: ਬਰਡ ਨੇ ਇਸ ਸੈਕਸ਼ਨ ਦੀ ਇਕ ਧਾਰਾ, "ਬ੍ਰਤਾਨਵੀ ਨਾਗਰਿਕਾਂ ਨੂੰ ਕੈਨੇਡਾ ਆਉਣੋਂ ਨਹੀਂ ਰੋਕਿਆ ਜਾ ਸਕਦਾ।" ਦੇ ਆਧਾਰ 'ਤੇ ਬਹਿਸ ਕੀਤੀ ਤਾਂ ਵੀ ਅਪੀਲ 'ਤੇ ਗ਼ੌਰ ਨਾ ਕੀਤਾ ਗਿਆ।

ਟੈਸਟ ਕੇਸ ਲਈ ਉਤਾਰੇ ਪੰਜ ਮੁਸਾਫ਼ਰਾਂ ਨੂੰ ਵਾਪਿਸ ਜਹਾਜ਼ 'ਤੇ ਚੜ੍ਹਾ ਦਿੱਤਾ ਗਿਆ।

7 ਜੁਲਾਈ 1914 ਨੂੰ ਗੁਰਦਿੱਤ ਸਿੰਘ ਅਤੇ ਜਹਾਜ਼ ਕਮੇਟੀ ਨੇ ਮਿ: ਬਰਡ ਨੂੰ ਲਿਖਿਆ, "ਅਸੀਂ ਤੁਹਾਨੂੰ ਸਾਰੇ ਮੁਸਾਫ਼ਰਾਂ ਲਈ ਇਨਕੁਆਇਰੀ ਬੋਰਡ ਦੀ ਸੁਣਵਾਈ ਨੂੰ ਵਾਪਿਸ ਲੈਣ ਅਤੇ ਕਾਮਾਗਾਟਾ ਮਰੂ ਦੀ ਹਾਂਗਕਾਂਗ ਲਈ ਵਾਪਸੀ ਸਬੰਧੀ ਗੱਲਬਾਤ ਕਰਨ ਲਈ ਹਿਦਾਇਤ ਕਰਦੇ ਹਾਂ।"

ਮਿ: ਬਰਡ ਨੇ, ਮੁਸਾਫਰ ਕਮੇਟੀ ਤੇ ਇੰਮੀਗ੍ਰੇਸ਼ਨ ਵਿਚਕਾਰ ਗੱਲ ਬਾਤ ਕਰਨ ਲਈ ਵਕੀਲ ਮਿ: ਮੈਕਨੀਲ ਨੂੰ ਮੁਕਰਰ ਕਰ ਦਿੱਤਾ।

10 ਜੁਲਾਈ ਨੂੰ ਬੋਰਡ ਨੇ ਸਾਰੇ ਮੁਸਾਫ਼ਰਾਂ ਦੇ ਦੇਸ ਨਿਕਲੇ ਦੇ ਪੇਪਰ ਤਿਆਰ ਕਰ ਦਿੱਤੇ।

14 ਜੁਲਾਈ 1914 ਨੂੰ ਜਹਾਜ਼ ਕਮੇਟੀ ਨੇ ਕੈਨੇਡਾ ਦੇ ਗਵਰਨਰ ਜਨਰਲ ਨੂੰ ਇਕ ਤਾਰ ਭੇਜੀ ਜਿਸ ਵਿਚ ਉਨ੍ਹਾਂ ਮਿੰਨਤ ਕੀਤੀ ਕਿ ਉਨ੍ਹਾਂ ਦੇ ਕੇਸ ਨੂੰ ਰਹਿਮ ਕਰਕੇ ਦੁਬਾਰਾ ਵਿਚਾਰਿਆ ਜਾਵੇ। ਹਾਂਗਕਾਂਗ ਤੋਂ ਤੁਰਨ ਤੋਂ ਪਹਿਲਾਂ, ਕੈਨੇਡਾ ਦੇ ਇੰਮੀਗ੍ਰੇਸ਼ਨ ਕਾਨੂੰਨ ਦੀ ਜਾਣਕਾਰੀ ਲਈ ਉੱਥੇ ਦੇ ਗਵਰਨਰ ਵੱਲੋਂ ਦਿੱਤੀ ਤਾਰ ਦਾ ਚੇਤਾ ਵੀ ਕਰਵਾਇਆ ਤੇ ਇਕ ਹਫਤਾ ਜਹਾਜ਼ ਰੋਕੀ ਰੱਖਣ ਬਾਰੇ ਵੀ ਜ਼ਿਕਰ ਕੀਤਾ। ਇਸ ਦੇ ਨਾਲ ਹੀ ਇੱਥੇ ਨਾ ਦਾਖ਼ਲ ਹੋਣ, ਆਪਣੇ ਕਿਸੇ ਸਕੇ ਸੰਬੰਦੀਆਂ ਨੂੰ ਨਾ ਮਿਲਣ ਦੇਣ ਤੇ ਉਨ੍ਹਾਂ ਦੇ ਚਾਰਟਰ ਨੂੰ, ਉਸ ਦੇ ਵਕੀਲ ਨਾਲ ਨਾ ਮਿਲਣ ਦੇਣ ਦਾ ਅਫਸੋਸ ਤੇ ਦੁੱਖ ਵੀ ਜ਼ਾਹਰ ਕੀਤਾ।

ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸੰਕਟ ਕਾਰਨ ਉਹ ਕੋਈ $35,000 ਆਪਣੇ ਪੱਲਿਉਂ ਖਰਚ ਕਰ ਚੁੱਕੇ ਹਨ। ਉਨ੍ਹਾਂ ਰਹਿਮ ਦੀ ਅਪੀਲ ਕਰਦਿਆਂ ਕਿਹਾ ਕਿ ਅਸੀਂ ਦੋ ਮਹੀਨਿਆਂ ਤੋਂ ਕੈਦੀਆਂ ਵਾਂਗ ਰਹਿ ਰਹੇ ਹਾਂ।

17 ਜੁਲਾਈ 1914 ਨੂੰ ਇਕ ਅਜੀਬੋ ਗਰੀਬ ਵਾਕਿਆ ਸਾਹਮਣੇ ਆਇਆ।

ਬੀ.ਸੀ. ਸੂਮਾਸ ਸਰਹੱਦ 'ਤੇ ਪੁਲੀਸ ਨੇ ਮੇਵਾ ਸਿੰਘ ਨੂੰ ਦੋ ਔਟੋਮੈਟਿਕ ਪਸਤੌਲ ਅਤੇ 300 ਕਾਰਤੂਸਾਂ ਨਾਲ ਗ੍ਰਿਫਤਾਰ ਕਰ ਲਿਆ। ਸਰਹੱਦ ਪਾਰ ਅਮਰੀਕਾ ਵਾਲੇ ਪਾਸੇ, ਬਲਵੰਤ ਸਿੰਘ, ਗੁਰਦੁਆਰੇ ਦੇ ਗ੍ਰੰਥੀ ਤੇ ਉਸਦੇ ਦੋਸਤ ਸਾਥੀ ਭਾਗ ਸਿੰਘ, ਪ੍ਰਧਾਨ ਖਾਲਸਾ ਦੀਵਾਨ ਸੁਸਾਇਟੀ ਅਤੇ ਕਾਮਾਗਾਟਾ ਮਰੂ ਦੇ ਨਵੇਂ ਚਾਰਟਰ ਦੇ ਭਾਈਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਨਾਲ ਵਿਕਟੋਰੀਆ ਦਾ ਹਰਨਾਮ ਸਿੰਘ ਵੀ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕੋਲੋਂ ਵੀ ਪਸਤੌਲ ਤੇ ਅਸਲਾ ਬਰਾਮਦ ਹੋਇਆ।

ਇਸ ਵਾਕਿਆ ਨੂੰ ਬਾਅਦ ਵਿਚ, ਇੰਮੀਗ੍ਰੇਸ਼ਨ ਤੇ ਪੁਲੀਸ ਨੇ ਕਾਮਾਗਾਟਾ ਮਰੂ ਨਾਲ ਇਹ ਕਹਿ ਕੇ ਜੋੜ ਲਿਆ ਕਿ ਇਹ ਅਸਲਾ ਕਾਮਾਗਾਟਾ ਮਰੂ ਦੇ ਮੁਸਾਫ਼ਰਾਂ ਲਈ ਸੀ।

ਇੱਧਰ ਸ਼ਿਪਿੰਗ ਏਜੰਟ ਮਿ: ਜੌਨ੍ਹਸਨ ਨੇ, ਸਾਰੇ ਮੁਸਾਫ਼ਰਾਂ ਦੇ ਦੇਸ ਨਿਕਾਲੇ ਦੇ ਪੇਪਰ ਜਹਾਜ਼ 'ਤੇ ਪਹੁੰਚਾ ਦਿੱਤੇ। ਰਾਹ ਲਈ ਖਾਣ ਪੀਣ ਦੀ ਰਸਦ ਬਾਰੇ ਦੱਸਦਿਆਂ ਕਿਹਾ ਕਿ ਇਹ ਉਨ੍ਹਾਂ ਨੂੰ ਉਦੋਂ ਦਿੱਤੀ ਜਾਵੇਗੀ ਜਦੋਂ ਉਨ੍ਹਾਂ ਦਾ ਜਹਾਜ਼ ਤਿੰਨ ਮੀਲ, ਕੈਨੇਡੀਅਨ ਪਾਣੀਆਂ ਚੋਂ ਬਾਹਰ ਚਲਾ ਜਾਵੇਗਾ। ਮੁਸਾਫ਼ਰਾਂ ਨੇ ਰਸਦ ਪਾਣੀ ਤੁਰਨ ਤੋਂ ਪਹਿਲਾਂ ਲੈਣ ਦੀ ਜ਼ਿੱਦ ਕਰਦਿਆਂ ਕਿਹਾ ਕਿ ਰਾਸ਼ਨ ਇੱਥੇ ਮਿਲਣਾ ਚਾਹੀਦਾ ਹੈ।

ਜਦੋਂ ਓਟਵਾ ਨੇ ਮਿ: ਰੀਡ ਨੂੰ ਖੁਰਾਕ ਤੇ ਪਾਣੀ ਬਾਰੇ ਪੁੱਛਿਆ ਤਾਂ ਉਸ ਨੇ ਅਤੇ ਸਥਾਨਕ ਅਧੀਕਾਰੀਆਂ ਝੂਠ ਮੂਠ ਕਹਿ ਦਿੱਤਾ ਕਿ ਰਸਦ ਪਹੁੰਚਾ ਦਿੱਤੀ ਗਈ ਹੈ।

ਬਾਅਦ ਵਿਚ ਮਿ: ਰੀਡ ਖੁਰਾਕ ਦੇਣ ਲਈ ਉਦੋਂ ਮੰਨਿਆਂ ਜਦੋਂ, ਓਟਵਾ ਤੋਂ ਪ੍ਰਧਾਨ ਮੰਤਰੀ ਬੋਰਡਨ ਨੇ ਉਸ ਨੂੰ ਲਿਖਤੀ ਕਿਹਾ, "ਸਰਕਾਰ ਖਾਣ ਪੀਣ ਦੇ ਸਾਮਾਨ ਦਾ ਖਰਚ ਦੇਵੇਗੀ ਜੋ

ਚਾਰਟਰ ਗੁਰਦਿੱਤ ਸਿੰਘ ਲਈ ਕਰਨਾ ਮੁਸ਼ਕਿਲ ਹੈ। ਨਾਲੇ ਇਹ ਸ਼ਰਤ ਵੀ ਲਾ ਦਿੱਤੀ ਕਿ ਸਰਕਾਰ $4,000 ਦੀ ਰਸਦ ਤਾਂ ਦੇਵੇਗੀ ਜੇ ਜਹਾਜ਼ ਵੈਨਕੂਵਰ ਨੂੰ ਛੱਡ ਜਾਵੇਗਾ।"
ਇਸ ਉਪਰੰਤ, ਮਿ: ਬਰਡ ਨੇ ਮਿ: ਰੀਡ ਨੂੰ ਇੱਮੀਗ੍ਰਸ਼ਨ ਐਕਟ ਦੀ ਧਾਰ 44-45 ਅਧੀਨ, ਸਾਰੇ ਮੁਸਾਫਰਾਂ ਨੂੰ ਵਾਪਸੀ ਦਾ ਕਰਾਇਆ ਦੇਣ ਲਈ ਕਿਹਾ ਪਰ, ਮਿ: ਰੀਡ ਨੇ ਉਸਦੇ ਸੁਝਾ ਨੂੰ ਰੱਦ ਕਰ ਦਿੱਤਾ।

ਗੁਰਦਿੱਤ ਸਿੰਘ ਤੇ ਜਹਾਜ਼ ਕਮੇਟੀ ਨੇ ਜਹਾਜ਼ ਨੂੰ ਘਾਟ 'ਤੇ ਲਗਾਉਣ ਦੀ ਮੰਗ ਕੀਤੀ ਤਾਂ ਜੋ ਕੋਲਾ ਲਾਹਿਆ ਜਾ ਸਕੇ, ਪਰ ਮਿ: ਰੀਡ ਨੇ ਉਨ੍ਹਾਂ ਦੀ ਇਹ ਮੰਗ ਵੀ ਠੁਕਰਾ ਦਿੱਤੀ।

ਮਿ: ਰੀਡ ਨੇ ਜਹਾਜ਼ ਦੇ ਕਪਤਾਨ ਤੇ ਇੰਜਨੀਅਰ ਨੂੰ, ਜੋ ਕਿ ਜਾਪਾਨੀ ਹਾਈ ਕਮਿਸ਼ਨਰ ਨੂੰ, ਆਪਣੇ ਰਾਸ਼ਨ ਪਾਣੀ ਦੀ ਮੰਗ ਲਈ, ਮਿਲਣ ਆਇਆ ਹੋਇਆ ਸੀ, 6 ਵਜੇ ਸ਼ਾਮ ਤਕ ਜਹਾਜ਼ ਨੂੰ ਜਬਰੀ ਲੈ ਜਾਣ ਦਾ ਹੁਕਮ ਦਿੱਤਾ। ਇਸ ਨਾਲ ਇਹ ਧਮਕੀ ਵੀ ਦਿੱਤੀ ਕਿ ਜੇ ਜਹਾਜ਼, ਗਰਮ ਕਰਕੇ ਨਾ ਤੋਰਿਆ ਗਿਆ ਤਾਂ ਭਾਰੀ ਜੁਰਮਾਨੇ ਦੇ ਨਾਲ ਰਸਦ ਦੀ ਮੰਗ ਵੀ ਰੱਦ ਕਰ ਦਿੱਤੀ ਜਾਵੇਗੀ ਅਤੇ ਮਿ: ਬੋਰਡਨ ਤੇ ਮਿ: ਟੱਪਰ ਵਿਚਕਾਰ ਹੋਈ ਸੰਧੀ ਖਤਮ ਹੋ ਜਾਵੇਗੀ।
ਸ਼ਾਮ ਦੇ 5:15 ਜਾਮਾਮੋਟੂ, ਇਹ ਵਾਅਦਾ ਕਰ ਕੇ ਜਹਾਜ਼ 'ਤੇ ਪਹੁੰਚਿਆ ਕਿ ਉਹ ਇਕ ਲਾਲ ਝੰਡੀ ਦੇਵੇਗਾ ਜੋ ਪੁਲੀਸ ਲਈ ਇਸ਼ਾਰਾ ਹੋਵੇਗਾ ਕਿ ਮੁਸਾਫਰਾਂ ਨੇ ਉਸ ਨੂੰ ਜਹਾਜ਼ ਤੋਰਨ ਨਹੀਂ ਦਿੱਤਾ।

ਮਿ: ਰੀਡ ਨੇ ਓਟਵਾ ਨੂੰ ਤਾਰ ਦਿੱਤੀ, "ਜੇ ਕੋਈ ਅਣਚਿਤਵੀ ਘਟਨਾ ਨਾ ਵਾਪਰੀ ਤਾਂ ਜਹਾਜ਼ ਅੱਜ ਦੁਪਿਹਰੋਂ ਬਾਅਦ ਇੱਥੋਂ ਚਲਾ ਜਾਵੇਗਾ।" ਪਰ, ਜਹਾਜ਼ ਨਾ ਗਿਆ।
ਜਦੋਂ ਜਹਾਜ਼ ਨਾ ਗਿਆ ਤਾਂ 18 ਜੁਲਾਈ 1914 ਨੂੰ ਅੱਧੀ ਰਾਤ ਤੋਂ ਬਾਅਦ, ਕੋਈ ਸਵਾ ਇਕ ਵਜੇ ਦੇ ਕਰੀਬ, ਇੰਮੀਗ੍ਰੇਸ਼ਨ ਵਾਲੇ, 'ਸੀ ਲਾਇਨ' ਨਾਮੀ ਜਹਾਜ਼ ਵਿਚ 160 ਪੁਲਸੀਆਂ ਨੂੰ ਲੈ ਕੇ ਘਾਟ ਤੋਂ ਕਾਮਾਗਾਟਾ ਮਰੂ ਵੱਲ ਰਵਾਨਾ ਹੋਏ। 'ਸੀ ਲਾਇਨ' ਨੂੰ ਇਕ ਕੁੰਡੇ ਨਾਲ ਕਾਮਾਗਾਟਾ ਮਰੂ ਨਾਲ ਬੰਨ੍ਹ ਦਿੱਤਾ ਗਿਆ। 'ਸੀ ਲਾਇਨ' ਨੂੰ ਦੇਖਕੇ ਮੁਸਾਫ਼ਰ ਡੈੱਕ ਤੇ ਆ ਗਏ ਤੇ ਕੰਡੇ ਨੂੰ ਹਟਾਉਣ ਦਾ ਯਤਨ ਕੀਤਾ। ਇਸ ਤੇ ਪੁਲੀਸ ਨੇ ਪਰੈਸ਼ਰ ਹੋਜ਼ ਨਾਲ ਮੁਸਾਫ਼ਰਾਂ 'ਤੇ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਮੁਸਾਫ਼ਰਾਂ ਨੇ ਇਸ ਦਾ ਜਵਾਬ ਕੋਲੇ ਦੇ ਡਲਿਆਂ, ਇੱਟਾਂ, ਲੋਹੇ ਦੇ ਟੁਕੜਿਆਂ ਤੇ ਜਹਾਜ਼ ਦੇ ਪੁਰਜ਼ਿਆਂ ਨਾਲ ਦਿੱਤਾ। *'ਸੀ ਲਾਇਨ'* ਨੂੰ ਹਾਰ ਕੇ ਪਿੱਛੇ ਹਟਣਾ ਪਿਆ।

ਤੜਕੇ ਦੋ ਵਜੇ ਐੱਮ. ਪੀ. ਸਟੀਵਨਸਨ ਨੇ ਪ੍ਰਧਾਨ ਮੰਤਰੀ ਬੋਰਡਨ ਨੂੰ ਤਾਰ ਦਿੱਤੀ, *"ਜਹਾਜ਼ ਵਿਚ ਹਿੰਦੂ ਪੂਰੀ ਤਰ੍ਹਾਂ ਇਨਕਲਾਬੀ ਰੌਅ ਵਿਚ ਹਨ ਤੇ ਕੈਨੇਡਾ ਦੇ ਕਿਸੇ ਕਾਨੂੰਨ ਨੂੰ ਨਾ ਮੰਨਣ ਲਈ ਦ੍ਰਿੜ ਹਨ। ਹੁਣ ਸਖ਼ਤ ਕਦਮ ਚੁੱਕਣੇ ਨਿਹਾਇਤ ਜ਼ਰੂਰੀ ਹਨ। ਬੇਨਤੀ ਹੈ ਕਿ ਰੇਨਬੋ ਜਾਂ ਨੇਵੀ ਦਾ ਕੋਈ ਹੋਰ ਜੰਗੀ ਜਹਾਜ਼ ਇਸ ਸਿਥਤੀ ਨਾਲ ਨੱਜਿਠਣ ਲਈ ਭੇਜਿਆ ਜਾਵੇ।"*

20 ਜੁਲਾਈ ਨੂੰ ਮਿ: ਹੌਪਕਿਨਸਨ ਜਹਾਜ਼ 'ਤੇ ਇਸ ਆਦੇਸ਼ ਨਾਲ ਭੇਜਿਆ ਗਿਆ ਕਿ ਉਹ ਜਾ ਕੇ ਮੁਸਾਫ਼ਰਾਂ ਤੇ ਗੁਰਦਿੱਤ ਸਿੰਘ ਨੂੰ ਚਿਤਾਵਨੀ ਦੇਵੇ। ਚਿਤਾਵਨੀ ਦੇ ਸ਼ਬਦ ਇਵੇਂ ਹਨ-

"... ਜੇ ਕਰ ਤੁਹਾਨੂੰ ਕੋਈ ਨੁਕਸਾਨ ਹੋਵੇ ਤਾਂ ਉਸਦਾ ਅਫ਼ਸੋਸ ਜ਼ਰੂਰ ਹੋਵੇਗਾ ਪਰ, ਭਲਾਈ ਇਸੇ ਵਿਚ ਹੈ ਕਿ ਤੁਸੀਂ ਆਪਣੇ ਆਪ, ਸ਼ਾਂਤ-ਮਈ ਢੰਗ ਨਾਲ ਇਸ ਦੇਸ਼ ਦੇ ਕਨੂੰਨ ਅੱਗੇ ਗੋਡੇ ਟੇਕ ਦਿਉ। ... ਕਾਨੂੰਨ ਮੁਤਾਬਕ ਤੁਹਾਨੂੰ ਦੇਸ ਨਿਕਾਲਾ ਦੇ ਦਿੱਤਾ ਗਿਆ ਹੈ। ਤਾਂ ਵੀ ਸਰਕਾਰ ਨੇ ਤੁਹਾਡੇ 'ਤੇ ਖਾਸ ਕਿਰਪਾ ਕੀਤੀ ਹੈ ਤੇ ਤੁਹਾਨੂੰ ਵਾਪਸੀ ਲਈ ਰਾਸ਼ਣ-ਪਾਣੀ ਦੇਣ ਦੀ ਹਾਮੀ ਭਰੀ ਹੈ। ... ਇਹ ਤਾਂ ਹੀ ਸੰਭਵ ਹੋਵੇਗਾ ਜੇ ਤੁਸੀਂ ਜਹਾਜ਼ ਦੀ ਸੰਭਾਲ ਕੈਪਟਨ ਜਾਮਾਮੋਟੂ ਨੂੰ ਦੇ ਦਿਉਂ ਤਾਂ ਜੋ ਉਹ ਜਹਾਜ਼ ਨੂੰ ਗਰਮ ਕਰ ਸਕੇ।"

ਇਸ ਉਪਰੰਤ ਉਸ ਨੇ ਮੁਸਾਫ਼ਰਾਂ ਨੂੰ ਡਰਾਉਣ ਧਮਕਾਉਣ ਲਈ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਖਾਣ ਦਾ ਸਾਮਾਨ ਉੱਨਾਂ ਚਿਰ ਨਹੀਂ ਮਿਲੇਗਾ ਜਿੰਨਾ ਚਿਰ ਉਨ੍ਹਾਂ ਦਾ ਦਿਮਾਗ ਟਿਕਾਣੇ ਨਹੀਂ ਆ ਜਾਂਦਾ। ਜੇ ਕਰ ਕਿਸੇ ਨੇ ਹੱਲਾ ਗੁੱਲਾ ਜਾਂ ਦੰਗਾ ਫਸਾਦ ਕੀਤਾ ਤਾਂ ਉਸ ਨੂੰ ਜਬਰਦਸਤੀ ਤਾਕਤ ਨਾਲ ਦਬਾ ਦਿੱਤਾ ਜਾਵੇਗਾ।

ਇਸ ਹੁਕਮ ਦੀ ਪੁਸ਼ਟੀ ਲਈ ਉਸ ਨੇ ਵੈਨਕੂਵਰ ਦੇ ਮੇਅਰ ਮਿ: ਬੇਕਸਟਰ ਵਲੋਂ ਦਸਤਖਤ ਕੀਤੀ ਇਕ ਪਾਸ ਕੀਤੇ ਵਿਸ਼ੇਸ਼ ਮਤੇ ਦੀ ਚਿੱਠੀ ਵੀ ਦਿਖਾਈ। ਦਰ ਅਸਲ ਇਹ ਚਿੱਠੀ ਵਕੀਲ ਮਿ: ਮੈਕਨੀਲ ਲਈ ਸੀ।

ਮਿ: ਰੀਡ ਨੇ ਹੁਸੈਨ ਰਹੀਮ ਨੂੰ ਇਕ ਖਤ ਦਸਤਖਤ ਕਰਨ ਲਈ ਭੇਜਿਆ ਜਿਸ ਵਿਚ ਉਸ ਨੇ ਹੁਸੈਨ ਰਹੀਮ ਕੋਲੋਂ ਜਾਹਾਜ਼ ਦੇ ਜਾਣ ਦੇਣ ਦੀ ਸਹਿਮਤੀ ਮੰਗੀ।

21 ਜੁਲਾਈ ਨੂੰ ਸਵੇਰੇ ਸੱਤ ਵਜੇ, 204 ਫ਼ੌਜੀ ਜਵਾਨ ਘਾਟ 'ਤੇ ਆ ਪਹੁੰਚੇ। ਸਵਾ ਅੱਠ ਵਜੇ ਕੈਨੇਡਾ ਦੀ ਨੇਵੀ ਦਾ ਜੰਗੀ ਜਹਾਜ਼ 'ਰੇਨਬੋ' ਆ ਪਹੁੰਚਿਆ ਤੇ ਕਾਮਾਗਾਟਾ ਮਰੂ ਤੋਂ ਕੋਈ ਦੋ ਸੌ ਗਜ਼ ਦੀ ਦੂਰੀ 'ਤੇ ਲੰਗਰ ਸੁੱਟ ਦਿੱਤਾ। ਦੱਸ ਕੁ ਵਜੇ ਦੇ ਕਰੀਬ ਉਸ ਦੀਆਂ ਤੋਪਾਂ ਨੰਗੀਆਂ ਕਰ ਕੇ ਕਾਮਾਗਾਟਾ ਮਰੂ ਵੱਲ ਸੇਧ ਦਿੱਤੀਆਂ ਗਈਆਂ। ਛੁੱਟੀ ਹੋਣ ਕਾਰਨ ਰੇਨਬੋ ਦੇ ਆਉਣ ਤਕ, ਬੁਰਾਡ ਦੀ ਖਾੜੀ ਕੰਢੇ, ਹਜ਼ਾਰਾਂ ਲੋਕ ਤਮਾਸ਼ਾ ਦੇਖਣ ਲਈ ਇਕੱਠੇ ਹੋ ਗਏ।

ਓਟਵਾ ਤੋਂ ਪ੍ਰਧਾਨ ਮੰਤਰੀ ਮਿ: ਬੋਰਡਨ ਨੇ, ਖੇਤੀਬਾੜੀ ਦੇ ਮੰਤਰੀ ਮਿ: ਮਾਰਟਿਨ ਬੁਰਰਲ ਨੂੰ, ਜੋਕਿ ਪੰਟਿਕਟਨ ਬੀ.ਸੀ, ਦੇ ਇਲਾਕੇ ਦਾ ਐੱਮ. ਪੀ. ਸੀ ਤੇ ਗਰੈਂਡ ਫੋਕ ਦਾ ਵਸਨੀਕ ਸੀ, ਕਾਮਾਗਾਟਾ ਮਰੂ ਨੂੰ ਜਬਰੀ ਤੋਰਨ ਦੇ ਮੁਆਮਲੇ ਨੂੰ, ਕਿਸੇ ਨਾ ਕਿਸੇ ਢੰਗ ਨਾਲ ਬਿਨਾ ਖੂਨ ਖਰਾਬੇ ਤੇ ਸ਼ਾਂਤੀ-ਪੂਰਵਕ ਨਿਪਟਾਉਣ ਲਈ ਕਿਹਾ ਤੇ ਭੇਜਿਆ।

ਨੋਟ: ਸਮੇਂ ਦੇ ਇਸ ਮੋੜ 'ਤੇ ਆ ਕੇ, ਪ੍ਰਧਾਨ ਮੰਤਰੀ ਬੋਰਡਨ, ਮਿ: ਬੁਰਰਲ ਵਿਚ ਕਾਫੀ ਲੰਬੀਆਂ ਤਾਰਾਂ ਤੇ ਚਿੱਠੀਆਂ ਦੇ ਇਕ ਲੰਭੇ ਆਨਪ੍ਰਦਾਨ ਤੋਂ ਇਲਾਵਾ, ਬ੍ਰਤਾਨਵੀ ਸਰਕਾਰ ਦੀ ਚੁੱਪ ਚਾਪ ਹੋਈ ਦਖ਼ਲਅੰਦਾਜ਼ੀ ਦਾ ਲੰਬਾ ਵੇਰਵਾ ਵੀ ਦਿੱਤਾ ਜਾ ਸਕਦਾ ਹੈ ।

ਮਿ: ਬੁਰਰਲ ਮੀ: ਰੀਡ ਨੂੰ ਮਿਲਿਆ। ਮੁਸਾਫ਼ਰਾਂ ਦੀ ਕਮੇਟੀ ਨਾਲ ਉਨ੍ਹਾਂ ਦੇ ਵਕੀਲ ਰਾਹੀਂ ਗੱਲ ਬਾਤ ਕੀਤੀ। ਸ਼ਾਮ ਦੇ ਪੰਜ ਵਜੇ, ਮਿ: ਬੁਰਰਲ ਨੇ ਖਾਣ ਪੀਣ ਦੀ ਸਾਰੀ ਰਸਦ ਦੇਣੀ ਮੰਨ ਲਈ ਤੇ ਮੁਸਾਫ਼ਰ ਕਮੇਟੀ ਨੇ ਵਾਪਿਸ ਜਾਣਾ ਮੰਨ ਲਿਆ।

22 ਜੁਲਾਈ 1914 ਨੂੰ ਸਾਰੀ ਰਸਦ ਲੱਦ ਦਿੱਤੀ ਗਈ। ਹੁਸੈਨ ਰਹੀਮ, ਮਿਤ ਸਿੰਘ ਤੇ ਖਾਲਸਾ ਦੀਵਾਨ ਸੁਸਾਇਟੀ ਦੇ ਹੋਰ ਮੈਂਬਰ ਇੰਮੀਗ੍ਰੇਸ਼ਨ ਦੀ ਕਿਸ਼ਤੀ ਵਿਚ ਮੁਸਾਫ਼ਰਾਂ ਨੂੰ ਮਿਲਣ ਲਈ ਗਏ। ਜਹਾਜ਼ ਦੇ ਨਾਲ ਲੱਗਣ 'ਤੇ ਉਹ ਗੈਂਗਵੇ ਥਾਣੀ ਜਹਾਜ਼ ਉੱਪਰ ਚੜ੍ਹ ਕੇ ਮੁਸਾਫ਼ਰਾਂ ਨੂੰ ਮਿਲੇ। ਦੂਸਰੇ ਦਿਨ 23 ਜੁਲਾਈ ਨੂੰ ਸਵੇਰੇ 4 ਵਜੇ, ਸੁਸਾਇਟੀ ਦੇ ਮੈਂਬਰਾਂ ਨੂੰ ਉਤਾਰ ਲਿਆਂਦਾ ਗਿਆ। ਕਾਮਾਗਾਟਾ ਮਰੂ ਨੇ ਲੰਗਰ ਖਿੱਚਿਆ ਤੇ ਪੰਜ ਵੱਜ ਕੇ ਦੱਸ ਮਿੰਟ 'ਤੇ ਵਾਪਿਸ ਜਾਣ ਲਈ ਚਾਲੇ ਪਾ ਲਏ। ਜੰਗੀ ਜਹਾਜ਼ ਰੇਨਬੋ ਤੇ ਪੁਲੀਸ ਦੀ ਬੋਟ 'ਸੀ ਲਾਇਨ' ਨੇ ਇਸ ਦਾ ਉੱਥੇ ਤਕ ਪਿੱਛਾ ਕੀਤਾ ਜਿੱਨਾ ਚਿਰ ਉਹ ਕੈਨੇਡੀਅਨ ਪਾਣਿਆਂ 'ਚੋਂ ਬਾਹਰ ਨਹੀਂ ਨਿਕਲ ਗਿਆ।

ਕਾਮਾਗਾਟਾ ਮਰੂ ਦੀਆਂ ਕਲਕਤੇ ਤਕ ਪਹੁੰਚਣ ਵਿਚ ਰਾਹ ਦੀ ਔਕੜਾਂ, ਤੇ ਮੁਸਾਫਰਾਂ ਨੂੰ ਪੇਸ਼ ਆਈਆਂ ਤਕਲੀਫ਼ਾਂ, ਆਪਣੇ ਆਪ ਵਿਚ ਇਕ ਦੁੱਖ ਭਰੀ ਦੇ ਦਰਦਨਾਕ ਕਥਾ ਹੈ। ਜੋ ਇਸ ਲੇਖ ਦਾ ਭਾਗ ਨਹੀਂ। ਤਾਂ ਵੀ ਇਸ ਦਾ ਸੰਖੇਪ ਜਿਹਾ ਬਿਆਨ ਇਸ ਤਰ੍ਹਾਂ ਹੈ।

29 ਸਤੰਬਰ 1914 ਨੂੰ ਸਵੇਰੇ 11 ਵਜੇ ਦੇ ਕਰੀਬ ਕਾਮਾਗਾਟਾ ਮਰੂ ਕਲਕੱਤੇ ਤੋਂ ਕੋਈ 22 ਕੁ ਮੀਲ ਦੂਰ ਬੱਜ ਬੱਜ ਨਾਂ ਦੇ ਘਾਟ 'ਤੇ ਪਹੁੰਚਿਆ। ਉੱਥੇ, ਪੰਜਾਬ ਪੁਲੀਸ ਤੇ ਬੰਗਾਲ ਪੁਲੀਸ

ਦੇ ਨਾਲ ਕੁਝ ਹੋਰ ਵੀ ਸਰਕਾਰੀ ਅਫਸਰ ਉਨ੍ਹਾਂ ਦੇ ਸਵਾਗਤ ਲਈ ਖੜੇ ਸਨ। ਇੱਥੇ ਮੁਸਾਫ਼ਰਾਂ ਨੂੰ ਪੰਜਾਬ ਨੂੰ ਭੇਜਣ ਲਈ ਗੱਡੀ 'ਤੇ ਜਬਰਦੱਸਤੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਗਈ। ਪੁਲੀਸ ਨਾਲ ਝੜਪਾਂ ਹੋਇਆਂ। 19 ਮੁਸਾਫ਼ਰ ਮਾਰੇ ਗਏ ਤੇ 23 ਜ਼ਖਮੀ ਹੋਏ ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ।

ਗੁਰਦਿੱਤ ਸਿੰਘ ਤੇ ਕਈ ਹੋਰ ਮੁਸਾਫਰ ਬਚ ਨਿਕਲੇ। ਪੁਲੀਸ ਨੇ ਆਲੇ ਦੁਆਲੇ ਦੇ ਇਲਾਕੇ ਵਿਚ ਭਗੌੜਿਆਂ ਨੂੰ ਬੜੀ ਸਰਗਰਮੀ ਨਾਲ ਟੋਲਣਾ ਸ਼ੁਰੂ ਕੀਤਾ ਤੇ ਪੁਲੀਸ ਨੇ 11 ਅਕਤੂਬਰ 1914 ਤਕ ਕੋਈ 201 ਮੁਸਾਫ਼ਰਾਂ ਫੜ ਲਏ ਸਨ।
ਅਕਤੂਬਰ ਮਹੀਨੇ ਦੇ ਅੰਤ ਤਕ-
29 ਮੁਸਾਫ਼ਰ, ਜਿਨ੍ਹਾਂ ਵਿਚ ਗੁਰਦਿੱਤ ਸਿੰਘ ਵੀ ਸ਼ਾਮਿਲ ਸੀ, ਲਾ ਪਤਾ ਸਨ ਤੇ ਭਖੌੜੇ ਕਰਾਰ ਦੇ ਦਿੱਤੇ ਗਏ ਸਨ।
321 ਮੁਸਾਫ਼ਰਾਂ ਵਿੱਚੋਂ 62 ਆਪਣੇ ਆਪ ਤੇ ਚੁੱਪ ਚਾਪ ਪੰਜਾਬ ਨੂੰ ਚਲੇ ਗਏ ਸਨ।
ਮਾਰੇ ਗਏ (19) ਉੱਨੀਆਂ ਵਿੱਚੋਂ, ਇਕ ਪਾਣੀ ਵਿਚ ਡੁੱਬਿਆ ਲੱਭਾ ਸੀ ਤੇ
202, 'ਹਿੰਦ ਬ੍ਰਤਾਨਵੀ ਸਰਕਾਰ ਦੇ ਆਰਡੀਨੈਂਸ' ਤਹਿਤ, ਜੇਲ੍ਹਾਂ ਵਿਚ ਬੰਦ ਕਰ ਦਿੱਤੇ ਗਏ ਸਨ।

ਕਾਮਾਗਾਟਾ ਮਰੂ ਦੇ ਜਾਣ ਪਿੱਛੋਂ, 'ਪਿੱਛੇ ਵੈਨਕੂਵਰ ਵਿਚ ਕੀ ਹੋਇਆ', ਇਹ ਸਾਕਾ ਵੀ ਇਕ ਅਲੱਗ ਕਾਂਡ ਦੀ ਮੰਗ ਕਰਦਾ ਹੈ। ਕਿਉਂਕਿ ਇਸ ਸਾਕੇ ਵਿਚ ਮਰਨ ਵਾਲਿਆਂ ਦਾ ਸਿੱਧਾ ਲਗਾਉ, ਖਾਲਸਾ ਦੀਵਾਨ ਸੁਸਾਇਟੀ ਨਾਲ ਹੀ ਹੈ। ਇਸ ਕਰਕੇ ਸੰਖੇਪ ਵਿਚ ਇਸ ਦਾ ਵਰਨਣ ਕਰਨਾ ਬਣਦਾ ਹੈ।

ਵੈਨਕੂਵਰ ਵਿਚ, ਹਿੰਦੋਸਤਾਨੀ ਭਾਈਚਾਰੇ ਵਿਚ ਕਤਲ ਹੋਣੇ ਸ਼ੁਰੂ ਹੋ ਗਏ।
ਬੇਲਾ ਸਿੰਘ, ਜੋ ਕਿ ਬਾਅਦ ਵਿਚ 'ਬੇਲਾ ਸਿੰਘ ਗੱਦਾਰ' ਦੇ ਨਾਂ ਨਾਲ, ਇੱਥੋਂ ਦੇ ਹਿੰਦੋਸਤਾਨੀ, ਖਾਸ ਕਰ ਕੇ ਸਿੱਖ ਭਾਈਚਾਰਾ ਤਾਂ ਕੀ, ਸਾਰੇ ਹਿੰਦੋਸਤਾਨ ਵਿਚ ਪ੍ਰਸਿੱਧ ਹੋਇਆ, ਉਸਦੇ ਸਾਥੀ ਹਰਨਾਮ ਸਿੰਘ ਤੇ ਅਰਜਨ ਸਿੰਘ, ਇਕ ਇਕ ਕਰ ਕੇ ਮਾਰੇ ਗਏ। ਬੇਲਾ ਸਿੰਘ ਨੇ ਆਪਣੇ ਸਾਥੀ ਅਰਜਨ ਸਿੰਘ ਦੇ ਸੰਸਕਾਰ 'ਤੇ ਗੁਰਦੁਆਰੇ ਵਿਚ ਹੋ ਰਹੀ ਅਰਦਾਸ ਸਮੇਂ ਆ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦੇ ਫਲਸਰੂਪ, ਸ਼੍ਰੀ: ਬਾਗ ਸਿੰਘ, ਸ਼੍ਰੀ: ਬਦਨ ਸਿੰਘ ਮਾਰੇ ਗਏ। ਉੱਤਮ ਸਿੰਘ ਨੂਰਪੁਰੀ, ਲਾਭ ਸਿੰਘ ਢਾਕੇ, ਜਵਾਲਾ ਸਿੰਘ ਸ਼ੇਖ਼ ਦੌਲਤ, ਦਲੀਪ ਸਿੰਘ ਫਾਹਲਾ ਫੱਟੜ ਹੋਏ।
ਬੇਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਮੁਕੱਦਮਾ ਚਲਾਇਆ ਗਿਆ। ਪਰ 19 ਨਵੰਬਰ ਨੂੰ ਰਿਹਾ ਕਰ ਦਿੱਤਾ ਗਿਆ।

ਅਕਤੂਬਰ 21, 1914 ਨੂੰ ਮੇਵਾ ਸਿੰਘ ਨੇ ਇਨਸਪੈਕਟਰ ਹੌਪਕਿਨਸਨ ਨੂੰ ਬੀ.ਸੀ. ਦੀ ਅਦਾਲਤ ਵਿਚ ਗੋਲੀ ਮਾਰ ਕੇ ਮਾਰ ਦਿੱਤਾ। ਹੌਪਕਿਨਸਨ ਅਦਾਲਤ ਵਿਚ ਬੇਲਾ ਸਿੰਘ ਦੇ ਮੁਕੱਦਮੇ ਵਿਚ ਸਫ਼ਾਈ ਦੇਣ ਲਈ ਗਿਆ ਸੀ। ਕਤਲ ਦਾ ਜੁਰਮ ਕਬੂਲਣ 'ਤੇ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਨਿਊ ਵੈਸਟਮਿਨਸਟਰ ਜਿਹਲ ਵਿਚ ਫਾਂਸੀ ਦੇ ਦਿੱਤੀ ਗਈ।

ਨਚੋੜ

ਕਾਮਾਗਾਟ ਮਰੂ ਦੇ ਸਫਰ ਤੇ ਮੁਸਾਫ਼ਰਾ ਦੇ ਹਸ਼ਰ ਦੀ ਗਾਥਾ, ਉੱਪ ਮਹਾਂਦੀਪ ਹਿੰਦ ਤੋਂ ਆਉਣ ਵਾਲੇ ਲੋਕਾਂ ਦੇ ਇਤਿਹਾਸ ਵਿਚ ਇਕ ਦੁੱਖਦਾਈ ਸਾਕਾ ਹੈ ਜਿਸ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ।

ਇਸ ਦੇ ਨਾਲ ਹੀ ਖਾਲਸਾ ਦੀਵਨ ਸੁਸਾਇਟੀ ਦੀ ਦੇਣ ਤੇ ਕੀਤੀ ਘਾਲਣਾ ਵੀ, ਕਿਸੇ ਵੱਡੀ ਤੋਂ ਵੱਡੀ ਕੁਰਬਾਨੀ ਤੋਂ ਘੱਟ ਨਹੀਂ। ਸੁਸਾਇਟੀ ਦੀ, ਆਪਣੇ ਭਾਈਚਾਰੇ ਲਈ ਕੀਤੀ ਅਣ ਥੱਕ ਜਦੋਜਿਹਦ ਨੂੰ ਕਿਸੇ ਹਾਲਤ ਵਿਚ ਵੀ ਅੱਖੋਂ ਪਰੇ ਨਹੀਂ ਕੀਤਾ ਜਾ ਸਕਦਾ।

{********** ਇਹ ਅੰਤ ਨਹੀਂ **********}

ਕਾਮਾਗਾਟਾ ਮਰੂ ਦਾ ਪ੍ਰਸੰਗ

ਕੈਨੇਡਾ ਵਿਚ ਹਿੰਦੀਆਂ (ਈਸਟ ਇੰਡੀਅਨਜ਼) ਦਾ ਆਗਮਨ

20ਵੀਂ ਸਦੀ ਦੇ ਆਰੰਭ ਵਿਚ, ਕੈਨੇਡਾ ਸਰਕਾਰ ਦੀ ਆਵਾਸੀ ਨੀਤੀ, ਖੇਤੀਬਾੜੀ ਕਰਨ ਵਾਲੇ ਆਵਾਸੀਆਂ ਨੂੰ ਹੀ, ਕੈਨੇਡਾ ਵਿਚ ਆਉਣ ਦੇਣ ਦੀ ਪਹਿਲ ਦੇਣਾ ਸੀ। ਇਸ ਦੀ ਪੂਰਤੀ ਲਈ ਸਰਕਾਰ ਨੇ ਯੌਰਪ ਤੇ ਗਵਾਂਢੀ ਮੁਲਕ ਅਮਰੀਕ ਦੇ ਅਖ਼ਬਾਰਾਂ ਵਿਚ ਇਸ਼ਤਹਾਰ ਦਿੱਤੇ ਤੇ ਆਪਣੇ ਏਜੰਟ ਵੀ ਭੇਜੇ। ਇਸ ਕੰਮ 'ਤੇ ਸਰਕਾਰ ਨੇ ਲੱਖਾਂ ਡਾਲਰ ਖਰਚ ਕੀਤੇ।

'ਸ'ਟੱਡੀ ਇਨ ਕੈਨੇਡੀਅਨ ਇੰਮੀਗ੍ਰੇਸ਼ਨ' ਤੋਂ ਪਤਾ ਲਗਦਾ ਹੈ ਕਿ *'ਜਦੋਂ ਇਹ ਮੁਸਾਫ਼ਰ ਕੈਨੇਡਾ ਪਹੁੰਚਦੇ ਤਾਂ ਬਹੁਤ ਬੀਮਾਰ ਹੋ ਜਾਂਦੇ। ਇਸ ਦੇਸ਼ ਵਿਚ ਹਰ ਸਾਲ ਲਾਗ ਦੀ ਬੀਮਾਰੀ ਫੈਲ ਜਾਂਦੀ।"*

'ਓਰੀਐਂਟਲ ਇੰਮੀਗ੍ਰਸ਼ਨ ਇਨਟੂ ਕੈਨੇਡਾ' ਤੋਂ ਪਤਾ ਚਲਦਾ ਹੈ ਕਿ ਯੋਰਪੀਨਾਂ ਤੋਂ ਬਾਅਦ 19ਵੀਂ ਸਦੀ ਦੇ ਮੱਧ ਵਿਚ, ਏਸ਼ੀਆ 'ਚੋਂ ਸਭ ਤੋਂ ਪਹਿਲਾਂ ਚੀਨੀ ਕੈਨੇਡਾ ਨੂੰ ਆਏ। ਇਹ ਅਮਰੀਕਾ ਦੇ ਪ੍ਰਾਂਤ ਕੈਲੇਫੋਰਨੀਆਂ ਦੇ ਸੋਨੇ ਤੇ ਹੋਰ ਧਾਤਾਂ ਦੀਆਂ ਖਾਨਾਂ ਵਿਚ ਕੰਮ ਕਰਕੇ ਕੈਨੇਡਾ ਨੂੰ ਆਉਣੇ ਸ਼ੁਰੂ ਹੋ ਗਏ। ਜਦੋਂ ਇਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਵਧ ਗਈ ਤਾਂ ਇਨ੍ਹਾਂ ਨੂੰ ਰੋਕਣ ਲਈ 1903 ਵਿਚ 'ਹੈੱਡ ਟੈਕਸ ਕਾਨੂੰਨ' ($500 per person) ਪਾਸ ਕੀਤਾ ਗਿਆ।

1881 ਦੇ ਲਗ-ਭੱਗ ਜਪਾਨੀ ਕੈਨੇਡਾ ਨੂੰ ਆਉਣੇ ਸ਼ੁਰੂ ਹੋਏ ਤੇ 1896 ਵਿਚ ਇਹ ਬਹੁ ਗਿਣਤੀ ਵਿਚ ਕੈਨੇਡਾ ਆਏ।

ਚੀਨੀ ਤੇ ਜਾਪਾਨੀਆਂ ਦੀ ਆਮਦ ਤੋਂ ਬਾਅਦ, 20ਵੀਂ ਸਦੀ ਦੇ ਆਰੰਭ ਵਿਚ ਹਿੰਦੀ, ਖਾਸ ਕਰਕੇ ਪੰਜਾਬੀ ਸਿੱਖ, ਕੈਨੇਡਾ ਨੂੰ ਆਉਣੇ ਸ਼ੁਰੂ ਹੋਏ।

ਜਦੋਂ ਬੀ.ਸੀ. ਵਿਚ, ਏਸ਼ੀਆਈ ਲੋਕਾਂ ਦੀ ਗਿਣਤੀ ਵਧਣ ਲਗੀ ਤਾਂ ਗੋਰੇ ਸਮਾਜ ਨੂੰ, ਚਿੰਤਾ ਹੋਈ। ਕਿਉਂਕਿ ਉਹ, ਇਸ ਮੁਲਕ ਨੂੰ ਗੋਰੇ ਲੋਕਾਂ ਦਾ ਮੁਲਕ ਹੀ ਬਣਾਉਣਾ ਚਾਹੁੰਦੇ ਸਨ। ਇਸ ਸੋਚ ਨੂੰ ਸਾਕਾਰ ਕਰਨ ਲਈ, ਕਾਨੂੰਨ ਦੀ ਵਰਤੋਂ ਤੋਂ ਪਹਿਲਾਂ, ਗੁੰਡਾ ਗਰਦੀ ਤੋਂ ਵੀ ਕੰਮ ਲਿਆ ਗਿਆ। ਜਿਵੇਂ- 12 ਅਗਸਤ 1907 ਵਿਚ ਚੀਨੀਆਂ ਤੇ ਜਾਪਾਨੀਆਂ ਦੇ ਘਰਾਂ ਦੀ ਭੰਨ ਤੋੜ ਕੀਤੀ ਗਈ ਤੇ ਅੱਗਾਂ ਲਾਈਆਂ ਗਈਆਂ।

1908 ਤਕ, ਹਿੰਦੀਆਂ ਨੂੰ ਇੱਥੇ ਆਉਣ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਪਰ ਜਦੋਂ 1908 ਵਿਚ, 'ਅਟੁੱਟ ਸਫ਼ਰ ਕਾਨੂੰਨ' ਤੇ ਇਸ ਦੀ ਇਕ ਮੱਦ, "ਹਰ ਮੁਸਾਫਰ ਕੋਲ $200 ਹੋਵੇ" ਲਾਗੂ ਹੋਇਆ। ਜਿਸ ਪਿੱਛੇ ਹਿੰਦੀਆਂ ਨੂੰ ਕੈਨੇਡਾ ਆਉਣ ਤੋਂ ਰੋਕਣ ਤੇ ਨਾ ਪਹੁੰਚ ਸਕਣ ਦੀ ਚਾਲ ਸੀ। ਜਿਸ ਕਰਕੇ ਹਿੰਦਆਂ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ।

ਭਾਵੇਂ ਇਸ ਕਾਨੂੰਨ ਵਿਚ ਕਿਸੇ ਦੇਸ਼ ਜਾਂ ਕੌਮ ਦਾ ਨਾਂ ਨਹੀਂ ਸੀ ਲਿਖਿਆ ਗਿਆ, ਫਿਰ ਵੀ ਇਹ ਇਕ ਚਾਲਾਕੀ ਸੀ। ਕਾਨੂੰਨ ਘੜਨ ਵਾਲੇ ਜਾਣਦੇ ਸੀ ਕਿ ਹਿੰਦੋਸਤਾਨ ਤੋਂ ਕੈਨੇਡਾ ਨੂੰ ਕੋਈ ਵੀ ਜਹਾਜ਼ ਸਿੱਧਾ ਨਹੀਂ ਚਲਦਾ ਜਾਂ ਆਉਂਦਾ ਤੇ ਆ ਸਕਦਾ। ਦਰ ਅਸਲ ਇਹ, 'ਅਟੁੱਟ ਸਫ਼ਰ ਕਾਨੂੰਨ' ਹਿੰਦੀਆਂ ਨੂੰ ਕੈਨੇਡਾ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਹੀ ਘੜਿਆ ਗਿਆ ਸੀ।

ਭਾਵੇਂ ਹਿੰਦੀ ਬ੍ਰਤਾਨਵੀ ਰਈਅਤ ਸਨ ਫਿਰ ਵੀ, 'ਅਟੁੱਟ ਸਫਰ ਕਾਨੂੰਨ' ਦੇ ਲਾਗੂ ਹੋਣ ਨਾਲ ਹਿੰਦੀਆਂ ਦਾ ਕੈਨੇਡਾ ਆਉਣਾ, ਕਰੀਬਨ ਕਰੀਬਨ ਬੰਦ ਹੀ ਹੋ ਗਿਆ। 1908 ਵਿਚ ਹਿੰਦ ਤੋਂ ਆਉਣ ਵਾਲੇ ਆਵਾਸੀਆਂ ਦੀ ਗਿਣਤੀ 2,623 ਤੋਂ ਘੱਟ ਕੇ 1914 ਵਿਚ 88 ਰਹਿ ਗਈ ਸੀ।

ਇਸ ਉਪਰੰਤ, ਹਿੰਦੀ ਭਾਈਚਾਰੇ ਨੂੰ ਬਹੁਤ ਕਸ਼ਟ ਝਲਣੇ ਪਏ। ਕੈਨੇਡੀਅਨ ਸਰਕਾਰ ਵਲੋਂ ਇਕ ਗੁਪਤ ਚਾਲ ਅਧੀਨ, ਕੁਲ ਹਿੰਦੀਆਂ ਨੂੰ ਬੀ.ਸੀ. ਵਿੱਚੋਂ ਕੱਢਣ ਲਈ, ਬ੍ਰਿਟਿਸ਼

ਹੰਡਿਉਰਸ ਭੇਜਣ ਦੀ ਤਰਕੀਬ ਬਣਾਈ ਗਈ ਜੋ ਕਾਮਯਾਬ ਨਾ ਹੋ ਸਕੀ। ਤਾਂ 1910 ਵਿਚ 'ਕੌਂਸਲ ਦੇ ਹੁਕਮ' (Order in Council) ਤਹਿਤ, ਦੋ ਕਾਨੂੰਨ ਫਟਾ ਫੱਟ ਪਾਸ ਕਰ ਦਿੱਤੇ। ਜਿਸ ਨਾਲ ਇੰਡੀਆ ਤੋਂ ਆਵਾਸੀਆਂ ਦੇ ਆਉਣ 'ਤੇ ਪੂਰੀ ਪਾਬੰਦੀ ਲਗਾ ਦਿੱਤੀ ਗਈ।

1913 ਵਿਚ 56 ਹਿੰਦੀ ਅਵਾਸੀ ਕੈਨੇਡਾ ਪਹੁੰਚੇ ਜਿਨ੍ਹਾਂ ਵਿੱਚੋਂ 17 ਨੂੰ ਦਾਖ਼ਲ ਹੋਣ ਦਿੱਤਾ ਗਿਆ ਤੇ ਬਾਕੀ ਦੇ 39 ਆਵਾਸੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਇੰਮੀਗ੍ਰੇਸ਼ਨ ਦੇ ਇਕ ਖਾਸ ਬੋਰਡ ਨੇ ਇਨ੍ਹਾਂ ਨੂੰ ਦੇਸਨਿਕਾਲੇ ਦਾ ਹੁਕਮ ਸੁਣਾ ਦਿੱਤਾ। ਭਾਰਤੀ ਭਾਈਚਾਰੇ ਨੇ ਵਕੀਲ ਸ਼੍ਰੀ: ਬਰਡ ਰਾਹੀਂ, ਬ੍ਰਿਟਿਸ਼ ਕੁਲੰਬੀਆ ਦੀ ਸੁਪਰੀਮ ਕੋਰਟ ਵਿਚ ਔਰਡਰ-ਇਨ-ਕੌਂਸਲ ਦੇ ਕਾਨੂੰਨਾਂ ਨੂੰ ਚੁਣੌਤੀ ਦਿੱਤੀ ਤੇ ਬੀ.ਸੀ. ਸੁਪਰੀਮ ਕੋਰਟ ਵਿਚ, ਦੇਸਨਿਕਾਲੇ ਖਿਲਾਫ਼ ਅਪੀਲ ਦਾਖਲ ਕੀਤੀ। ਬੀ.ਸੀ. ਸੁਪਰੀਮ ਕੋਰਟ ਦੇ ਮੁੱਖ ਜੱਜ ਸ਼੍ਰੀ: ਹੰਟਰ ਨੇ ਅਪੀਲ ਪ੍ਰਵਾਨੀ, ਸੁਣੀ ਤੇ ਸਾਰੇ ਅਵਾਸੀਆਂ ਨੂੰ ਦਾਖ਼ਲ ਹੋਣ ਦਾ ਅਧੀਕਾਰ ਦੇ ਦਿੱਤਾ। ਇਹ ਕੇਸ, "ਨਰੈਣ ਸਿੰਘ ਅਤੇ ਸਾਥੀਆਂ" ਦੇ ਨਾਂ ਨਾਲ ਪ੍ਰਸਿੱਧ ਹੈ।

ਇਸ ਉਪਰੰਤ ਔਰਡਰ-ਇਨ-ਕੌਂਸਲ ਨੇ ਇਕ ਤਰਮੀਮ ਕੀਤੀ ਜਿਸ ਅਨੁਸਾਰ, "ਕੋਈ ਕਾਮਾ ਤੇ ਕਾਰੀਗਰ (ਸਿਖਿਅਕ ਜਾਂ ਅਣਸਿਖਿਅਕ) ਕਿਸੇ ਵੀ ਬੰਦਰਗਾਹ ਰਾਹੀਂ ਕੈਨੇਡਾ ਵਿਚ ਦਾਖ਼ਲ ਨਹੀਂ ਹੋ ਸਕੇਗਾ।"

ਸਮੇਂ ਦੇ ਇਸ ਮੋੜ 'ਤੇ ਆ ਕੇ, ਸਾਕਾ, ਕਾਮਾਗਾਟਾ ਮਰੂ ਦਾ ਅਰੰਭ ਹੁੰਦਾ ਹੈ। 23 ਮਈ 1914 ਨੂੰ ਕਾਮਾਗਾਟਾ ਮਰੂ 376 ਮੁਸਾਫਰ, ਜਿਨ੍ਹਾਂ ਵਿਚ 340 ਸਿੱਖ, 24 ਮੁਸਿਲਮਾਨ ਤੇ 12 ਹਿੰਦੂ ਸਨ, ਆ ਪਹੁੰਚਿਆ।

(ਨੋਟ: ਉਸ ਸਮੇ, ਕੈਨੇਡਾ ਦੇ ਗੋਰੇ ਲੋਕ, ਭਾਰਤ ਦੇ ਹਰ ਜੰਮ-ਪੱਲ ਵਿਅਕਤੀ ਨੂੰ ਹਿੰਦੂ ਕਹਿੰਦੇ ਸੀ ਚਾਹੇ ਉਹ ਸਿੱਖਮੱਤ, ਇਸਲਾਮ, ਹਿੰਦੂ ਧਰਮ ਜਾਂ ਕਿਸੇ ਹੋਰ ਮਜ਼ਹਬ ਦਾ ਅਨੁਯਾਈ ਸੀ। ਮੈਂ ਇੱਥੇ ਇਨ੍ਹਾਂ ਲਈ ਸਾਂਝਾ ਸ਼ਬਦ ਹਿੰਦੋਸਤਾਨੀ ਜਾਂ ਹਿੰਦੀ ਵਰਤਿਆ ਹੈ ਜੋ ਉਸ ਵੇਲੇ ਦੇ ਆਗੂ ਵੀ ਵਰਤਿਆ ਕਰਦੇ ਸਨ ਭਾਵੇਂ ਇਨ੍ਹਾਂ ਮੁਸਾਫਰਾਂ ਵਿਚ ਬਹੁ ਗਿਣਤੀ ਸਿੱਖਾਂ ਦੀ ਸੀ। ਵੇਰੇਵੇ ਲਈ ਦੇਖੋ, 'ਜਹਾਜ਼ ਦਾ ਸਫ਼ਰ')

ਹਿੰਦੀਆਂ ਦੇ ਕੈਨੇਡਾ ਆਉਣ 'ਤੋਂ ਪਹਿਲਾਂ ਦਾ ਮਾਹੌਲ, ਰੋਕਾਂ ਤੇ ਕਾਰਨ

ਹਿੰਦੀ, 19ਵੀਂ ਸਦੀ ਦੇ ਅੰਤ ਵਿਚ ਕੈਨੇਡਾ ਆਉਣੇ ਸ਼ੁਰੂ ਹੋਏ। 1905 ਵਿਚ ਐਨੇ ਹਿੰਦੀ ਆਏ ਕਿ ਉਹ ਧਿਆਨ ਯੋਗ ਖਿੱਚ ਦਾ ਕਾਰਨ ਬਣ ਗਏ। 1906 ਤੇ 1907 ਵਿਚ ਜਦੋਂ, 4,700 ਚੀਨੀ ਤੇ ਜਪਾਨੀ, ਪੱਛਮੀ ਸਾਹਲ ਦੇ ਸੂਬੇ ਵਿਚ ਆਏ ਤਾਂ, 'ਚਿੱਟੇ ਮੂਲ ਨਿਵਾਸੀ ਵਾਦ' ਨੇ' 1907 ਵਿਚ ਇਨ੍ਹਾਂ ਵਿਰੁੱਧ, ਦੰਗਿਆ ਨੂੰ ਜਨਮ ਦਿੱਤਾ।

ਇਸ ਵਾਕਿਆ ਦੀ ਲੋਅ ਵਿਚ, ਫੈਡਰਲ ਇੰਮੀਗ੍ਰੇਸ਼ਨ ਰੋਕਾਂ ਨੇ ਹਿੰਦੀਆਂ ਦਾ ਕੈਨੇਡਾ ਆਉਣਾ ਕਾਫ਼ੀ ਘਟਾ ਦਿੱਤਾ। ਅਗਲੇ ਸੱਤਾਂ ਸਾਲਾਂ ਵਿਚ ਸਿਰਫ਼ 125 ਹਿੰਦੀ ਕੈਨੇਡਾ ਵਿਚ ਦਾਖਲ ਹੋਏ। 1905 ਤੋਂ ਲੈ ਕੇ 1914 ਤਕ ਸਿਰਫ਼, 5,300 ਹਿੰਦੀ ਕੈਨੇਡਾ ਵਿਚ ਦਾਖਲ ਹੋਏ ਜੋ ਉਦੋਂ ਤਕ ਕੁਲ ਅਵਾਸੀਆਂ ਦੀ 2,500,000 ਗਿਣਤੀ ਦਾ 0.2 ਦਸ਼ਾਂਮਿਕ ਭਾਗ ਹੀ ਸਨ।

ਜਿੰਨੇ ਵੀ ਹਿੰਦੀ ਆਏ, ਉਨ੍ਹਾਂ ਵਿੱਚੋਂ ਕੋਈ ਵੀ ਪੂਰਬੀ ਕੈਨੇਡਾ ਨੂੰ ਨਹੀਂ ਗਿਆ ਪਰ, 1,500 ਦੇ ਕਰੀਬ ਅਮਰੀਕਾ ਨੂੰ ਚਲੇ ਗਏ। ਦੁਨੀਆਂ ਦੀ ਪਹਿਲੀ ਲੜਾਈ ਸਮੇਂ ਕੈਨੇਡਾ ਵਿਚ ਹਿੰਦੀਆਂ ਦੀ ਗਿਣਤੀ 2,000 ਤਕ ਹੀ ਸੀ ਜੋ ਕਿ ਬ੍ਰਿਟਿਸ਼ ਕੁਲੰਬੀਆ ਦੀ ਕੁਲ ਆਬਾਦੀ ਦਾ ਅੱਧੇ ਪ੍ਰਤਿਸ਼ਤ ਤੋਂ ਵੀ ਘੱਟ ਸੀ।

ਭਾਵੇਂ ਇਸ ਗਿਣਤੀ ਵਿਚ ਕੁਝ ਮੁਸਲਿਮ, ਹਿੰਦੂ ਤੇ ਇਕ ਦੋ ਹੋਰ ਧਰਮਾਂ ਦੇ ਲੋਕ ਵੀ ਸਨ ਪਰ, ਬਹੁ ਗਿਣਤੀ ਪੰਜਾਬੀ ਸਿੱਖਾਂ ਦੀ ਹੀ ਸੀ ਜੋ ਜ਼ਿਲਾ ਹੁਸ਼ਿਆਰਪੁਰ ਤੇ ਜਲੰਧਰ ਦੇ ਵਾਸੀ ਸਨ।

ਹਿੰਦੀ ਕੈਨੇਡਾ ਵਿਚ ਕਿਉਂ ਆਏ? ਇਸ ਬਾਰੇ ਮਕੈਨਜ਼ੀ ਕਿੰਗ ਦਾ ਮੱਤ ਹੈ-

- ਇਨ੍ਹਾਂ ਜ਼ਿਲਿਆਂ ਵਿਚ ਜਨਸੰਖਿਆ ਵਧਣ ਕਾਰਨ ਬੇਰੋਜ਼ਗਾਰੀ।

- ਪ੍ਰਾਂਤ ਵਿਚ ਮਜ਼ਦੂਰੀ ਦੀ ਦਰ ਘੱਟ ਹੋਣੀ।
- ਰੋਜ਼ੀ ਰੋਟੀ ਦੀ ਤਲਾਸ਼ ਵਿਚ ਪੰਜਾਬੀ ਜੀਵਨ ਵਿਚ ਦੂਜੇ ਪ੍ਰਾਂਤਾਂ ਤੇ ਮੁਲਕਾਂ ਨੂੰ ਜਾਣ ਦਾ ਰੁਝਾਨ।
- ਪ੍ਰਾਂਤ ਵਿਚ ਜ਼ਮੀਨਾਂ ਤੇ ਖਾਣ ਪੀਣ ਦੀਆਂ ਵਸਤਾਂ ਦੀ ਕੀਮਤ ਵਿਚ ਤੇਜ਼ੀ।
- ਮਾਲੀ ਹਾਲਤ ਸੁਧਾਰਨ ਲਈ ਪਰਵਾਸ ਸਹੇੜਨਾ। ਆਦਮੀਆਂ ਦਾ ਹੀ ਬਾਹਰ ਜਾਣਾ। ਕੀਤੀ ਕਮਾਈ ਵਿੱਚੋਂ ਬੱਚਤ ਕਰਕੇ ਪਿੱਛੇ ਟੱਬਰਾਂ ਨੂੰ ਭੇਜਣਾ ਤੇ ਟੱਬਰ ਦੀ ਮਾਲੀ ਤੇ ਕਿਰਸਾਨੀ ਹਾਲਤ ਸੁਧਾਰਨੀ।
- ਸਟੀਮ ਸ਼ਿੱਪ ਕੰਪਨੀਆਂ ਦੇ ਟਿਕਟ ਏਜੰਟਾਂ ਦਾ ਟਿਕਟ ਵੇਚਣ ਲਈ ਪਰਾਪੇਗੰਡਾ ਤੇ ਹਮ ਵਤਨਾਂ ਦਾ ਚੰਮ ਦੀ ਚਿੜੀ ਦਿਖਾ ਕੇ ਬ੍ਰਿਟਿਸ਼ ਕੁਲੰਬੀਆ ਵੱਲ ਖਿੱਚਣਾ।
- ਆਦਿ।

ਕੈਨੇਡਾ ਵਿਚ ਆਉਣ ਵਾਲੇ ਹਿੰਦੀ ਮਰਦ, ਨਵੇਕਲੇ ਮੁਸਾਫਰ ਹੀ ਹੁੰਦੇ ਸਨ। ਜਿਨ੍ਹਾਂ ਦਾ ਚੀਨੀਆਂ ਦੇ ਉਲਟ ਮਨਤਵ, ਕਮਾਈ ਕਰ ਕੇ ਬਚੱਤ ਕਰਨੀ ਤੇ ਪਿੱਛੇ ਘਰਾਂ ਨੂੰ ਭੇਜਣਾ ਸੀ।

ਜਦੋਂ ਹਿੰਦੀ ਬ੍ਰਿਟਿਸ਼ ਕੁਲੰਬੀਆ ਵਿਚ ਆਏ ਤਾਂ ਬਹੁਤ ਸਾਰੇ ਵੈਨਕੂਵਰ, ਨਿਊ ਵੈਸਟਮਿੰਸਟਰ ਤੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਬੈਠੇ ਤੇ ਲੱਕੜ ਮਿੱਲਾਂ, ਲੰਬਰ ਕੈਂਪਾਂ, ਰੇਲ ਪਟੜੀ ਬਣਾਉਣ ਵਾਲੇ ਗੈਂਗਾਂ, ਖੇਤ ਸਾਫ਼ ਕਰਨੇ ਤੇ ਮੌਸਮੀ ਖੇਤੀ ਬਾੜੀ ਦੇ ਕੰਮਾਂ ਵਿਚ, ਜਾਨ ਤੋੜਵੀ ਮੁਸ਼ੱਕਤ ਕੀਤੀ।

ਕਿਉਂਕਿ ਹਿੰਦੀ, ਠੇਕੇ ਦੇ ਕਾਮੇ ਨਹੀਂ ਸਨ। ਉਹ ਦਿਹਾੜੀਦਾਰ ਹੀ ਸਨ ਤੇ ਇਸ ਲਈ ਸੂਬੇ ਦੇ ਮਜ਼ਦੂਰਾਂ ਦੀ ਮੰਗ ਵਿਚ ਖੱਪ ਜਾਂਦੇ ਸਨ। ਕੁਝਨਾ ਨੇ ਰਲ ਕੇ ਆਪਣੇ ਕਾਰੋਬਾਰ ਖੋਲ੍ਹ ਲਏ।

ਕੁਝ ਹਿੰਦੀਆਂ ਨੇ, ਕੰਮ, ਤਿਜਾਰਤ ਤੇ ਕਾਰੋਬਾਰਾਂ ਕਾਰਨ ਬ੍ਰਿਟਿਸ਼ ਕੁਲੰਬੀਆ ਦੇ ਗੋਰੇ ਭਾਈਚਾਰੇ ਨਾਲ ਮੇਲ ਮਿਲਾਪ ਬਣਾਇਆ ਤੇ ਆਪਣੇ ਸਮਾਜੀ, ਧਾਰਮਿਕ ਤੇ ਸਿਆਸੀ ਅਦਾਰੇ ਖੋਲ੍ਹਣੇ ਸ਼ੁਰੂ ਕਰ ਦਿੱਤੇ। ਜਿਸ ਦੇ ਫ਼ਲ ਸਰੂਪ **"ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ"** ਹੋਂਦ ਵਿਚ ਆਈ ਤੇ ਸੈਕੰਡ ਐਵੀਨਿਊ ਦਾ ਗੁਰਦੁਆਰਾ ਬਣਿਆ। ਜੋ ਸਭ ਧਰਮਾਂ ਦੇ ਲੋਕਾਂ ਦਾ, ਬੈਠਣ ਉੱਠਣ ਤੇ ਆਪਸੀ ਮਿਲਣ ਵਰਤਣ ਦਾ ਸਾਂਝਾ ਸਥਾਨ ਸੀ। ਭਾਵੇਂ ਇਸ ਦਾ ਅੰਦਰੂਨੀ ਗਠਨ ਕਿਸੇ ਤਰ੍ਹਾਂ ਦਾ ਵੀ ਸੀ ਪਰ ਇਹ, ਸਮਾਜੀ, ਧਾਰਮਿਕ ਤੇ ਸਿਆਸੀ ਵਰਤਾਓ ਵਿਚ ਵੱਡੇ ਭਾਈਚਾਰੇ ਤੋਂ ਅਲੱਗ ਥੱਲਗ ਹੀ ਰਿਹਾ ਕਿਉਂਕਿ, ਬਹੁਤੇ ਹਿੰਦੀ ਨਵੇਕਲੇ ਮੁਸਾਫਰ ਹੀ ਸਨ ਤੇ ਉਨ੍ਹਾਂ ਨੂੰ ਇਸ ਭਾਈਚਾਰੇ ਵਿਚ ਘੁਲ਼ ਮਿਲ ਜਾਣ ਦਾ ਕੋਈ ਉਤਸ਼ਾਹ ਨਹੀਂ ਸੀ।

ਚੀਨੀਆਂ ਦੇ ਅਲੱਗ ਥਲੱਗ ਰਹਿਣ ਸਹਿਣ ਨੇ, ਨਸਲੀ ਵਿਤਕਰੇ ਨੂੰ ਜਨਮ ਦਿੱਤਾ ਤੇ ਜਦੋਂ ਹਿੰਦੀ ਆਏ ਤਾਂ ਉਹ ਵੀ ਇਸੇ ਨਫਰਤ ਦਾ ਸ਼ਿਕਾਰ ਹੋ ਗਏ। ਗੋਰੇ ਭਾਈਚਾਰੇ ਲਈ ਹਿੰਦੀ ਵੀ, ਏਸ਼ੀਅਨਾਂ ਵਾਂਗ, ਇਕ ਘਿਰਣਾ ਦਾ ਕੇਂਦਰ ਬਣ ਗਏ।

ਉੱਤਰੀ ਅਮਰੀਕਾ ਦੇ ਪੱਛਮੀ ਤੱਟ ਦੇ ਬਹੁ ਗਿਣਤੀ ਵਸਨੀਕਾਂ ਦੇ ਦਿਲਾਂ ਵਿਚ, ਹਿੰਦੋਸਤਾਨੀਆਂ ਸੰਬੰਧੀ ਜੋ ਧਾਰਣਾ ਬਣੀ ਸੀ ਉਹ ਇਸ ਪ੍ਰਕਾਰ ਸੀ।

ਹਿੰਦੋਸਤਾਨ, ਕਰੋੜਾ ਲੋਕਾਂ, ਗੰਦਗੀ, ਗ਼ਲਾਜ਼ਤ, ਵਿਚਿੱਤਰ ਤੇ ਅਜੀਬ-ਓ-ਗ਼ਰੀਬ ਰਸਮਾਂ ਨਾਲ ਭਰਿਆ ਦੇਸ਼ ਹੈ। ਇਸ ਦੇ ਵਸਨੀਕ, ਆਦਮ ਦੀ ਇਕ ਘੱਟੀਆਂ ਸ਼ੁਣੀ ਵਿੱਚੋਂ ਹਨ ਜਿਨ੍ਹਾਂ ਵਿਚ ਚਾਪਲੂਸੀ ਤੇ ਕਿਸੇ ਹੱਦ ਤਕ ਲੁੱਚਪੁਣੇ ਦੀਆਂ ਕਮਜ਼ੋਰੀਆਂ ਹਨ।

ਜਦੋਂ ਬਹੁਤ ਸਾਰੇ ਹਿੰਦੀ ਕੈਨੇਡਾ ਵਿਚ ਆਏ ਤਾਂ ਇਹ ਧਾਰਨਾਵਾਂ ਉੱਭਰ ਕੇ ਸਾਹਮਣੇ ਆਉਣ ਲੱਗ ਪਈਆਂ। ਜਿਵੇਂ-

ਬਹੁਤ ਸਾਰੇ ਹਿੰਦੀ ਨਿਰਧਨ ਤੇ ਮੁਥਾਜ ਹਨ। ਮੌਸਮ ਤੇ ਹਾਲਾਤ ਵਾਸਤੇ ਪੂਰੇ ਤਿਆਰ ਨਹੀਂ ਹਨ।

ਇਸੇ ਧਾਰਨਾ ਨੇ ਫੈਡਰਲ ਇੰਮੀਗ੍ਰੇਸ਼ਨ ਦੇ ਸੁਪਰਡੈਂਟ ਡਬਲਯੂ. ਡੀ. ਸਕੌਟ ਨੂੰ ਇਹ ਘੋਸ਼ਤ ਕਰਨ 'ਤੇ ਮਜਬੂਰ ਕਰ ਦਿੱਤਾ, "ਕਿਸੇ ਗਰਮ ਵਾਤਾਵਰਨ ਦੇ ਲੋਕਾਂ ਨੂੰ ਉੱਤਰ ਦੀ ਆਬ-ਓ-ਹਵਾ ਵਿਚ ਘੱਲ ਦੇਣਾ, ਜਿੱਥੇ, ਸਰਦੀਆਂ ਵਿਚ ਮਹੀਨਿਆਂ ਬੱਧੀ ਸਲਾਭਾ ਤੇ ਠੰਡ ਰਹਿੰਦੀ ਹੈ, ਜ਼ਰੂਰਤ ਦੇ ਸਿੱਟੇ ਵਜੋਂ, ਨਾ ਸਿਰਫ਼, ਅਣ-ਰੁੱਤ ਅਨਕੂਲ ਹੋਣ ਕਾਰਨ ਬਲਕਿ, ਘਰ, ਖਾਣ-ਪੀਣ ਤੇ ਪਹਿਨਣ ਦੀ ਜਾਨਕਾਰੀ ਨਾ ਹੋਣ ਕਾਰਨ, ਜਿਸਮਾਨੀ ਤੇ ਸਿਹਤ ਸੰਬੰਧੀ ਕੱਸ਼ਟ ਵੀ ਸਹਿਣੇ ਪੈਂਦੇ ਹਨ।"

ਸਕੌਟ ਦੇ ਇਸ ਨਜ਼ਰੀਏ ਨੂੰ ਲੈ ਕੇ ਮਕੈਨਜ਼ੀ ਕਿੰਗ ਵੀ ਇਸ ਗੱਲ 'ਤੇ ਅੜ ਗਿਆ ਸੀ ਤੇ ਹਿੰਦੀਆਂ ਦੇ ਆਵਾਸ ਬਾਰੇ ਰਿਪੋਰਟ ਵਿਚ ਕਿਹਾ, "ਹਿੰਦੋਸਤਾਨ ਤੋਂ ਕੈਨੇਡਾ ਨੂੰ ਆਵਾਸ ਬਾਰੇ ਇਹ ਸਾਫ਼ ਪ੍ਰਮਾਣਿਤ ਹੈ ਕਿ ਹਿੰਦੋਸਤਾਨ ਦੇ ਵਸਨੀਕ ਬੰਦੇ ਇਸ ਮੁਲਕ ਦੇ ਅਨਕੂਲ ਨਹੀਂ ਹਨ ਜੋਕਿ ਗਰਮ ਵਾਤਾਵਰਨ ਦੇ ਆਦੀ ਹਨ ਅਤੇ ਉਨ੍ਹਾਂ ਦੀਆਂ ਰਸਮਾਂ ਤੇ ਰੀਤੀ-ਰਿਵਾਜ ਸਾਡੇ ਆਪਣੇ ਲੋਕਾਂ ਨਾਲੋਂ ਭਿੰਨ ਹਨ, ਉਨ੍ਹਾਂ ਦਾ ਮਾਹੌਲ ਨੂੰ ਸ਼ੀਘਰਤਾ ਨਾਲ ਅਪਣਾਉਣ ਦੀ ਬਿਲਕੁਲ ਭਿੰਨ ਸਮਰਥਾ, ਸਵਾਏ ਉਨ੍ਹਾਂ ਨੂੰ ਅਣ-ਮਿਣੇ ਕਸ਼ਟ ਝੱਲਣ ਦੇ ਹੋਰ ਕੁਝ ਨਹੀਂ ਦਿੰਦੀ ਤੇ ਇਸ ਬਿਨਾ ਤੇ ਇਸ ਅਵਾਸ ਨੂੰ ਬੰਦ ਕਰ ਦੇਣਾ, ਹਿੰਦੋਸਤਾਨੀਆਂ ਦੇ ਆਪਣੇ ਹਿੱਤ ਵਿਚ ਹੀ ਹੈ।"

ਰੂੜ੍ਹੀਵਾਦੀ ਗੋਰੇ ਲੋਕ, ਹਿੰਦੀਆਂ ਨੂੰ ਵੀ ਬਾਕੀ ਏਸ਼ੀਆਈਆਂ ਵਾਂਗ, ਗੰਦੇ, ਬਿਮਾਰੀਆਂ ਦੇ ਲੱਦੇ ਤੇ ਜੰਤਾ ਦੀ ਸਿਹਤ ਨੂੰ ਖ਼ਤਰਾ ਸਮਝਦੇ ਸਨ। ਕਿਸੇ ਅਲੋਚਕ ਦਾ ਦਾਵਾ ਹੈ, "ਉਹ ਦੇਸ਼ ਜਿੱਥੋਂ ਇਹ ਆਉਂਦੇ ਹਨ ... ਲੰਬੇ ਸਮੇਂ ਤੋਂ, ਮੋਹਲਕ ਤੇ ਘਿਨਾਉਣੀਆਂ ਬੀਮਾਰੀਆਂ ਦਾ ਘਰ ਮੰਨਿਆਂ ਜਾ ਚੁੱਕਿਆ ਹੈ। ਜਿਵੇਂ, ਚੇਚਕ, ਬੀਬੌਨਿਕ ਪਲੇਗ, ਏਸ਼ੀਆਈ ਹੈਜ਼ਾ ਤੇ ਸਭ ਤੋਂ ਭੈੜੀ ਕਿਸਮ ਦਾ ਲਿੰਗ ਰੋਗ। ਸਾਡਾ ਡਾਕਟਰੀ ਮੁਆਇਨਾ ਕਿੰਨਾਂ ਵੀ ਸੱਖਤ ਕਿਉਂ ਨਾ ਹੋਵੇ, ਫਿਰ ਵੀ ਇਹ ਲੋਕ, ਸਾਡੇ ਲੋਕਾਂ ਵਿਚ ਬੀਮਾਰੀ ਫਿਲਾਉਣ ਦਾ ਸਾਧਨ ਹਨ।"
ਇਸ ਨਾਲ ਸਿਹਤ ਸੰਬੰਧੀ ਅਫਸਰਾਂ ਦਾ ਵੀ ਇਹ ਕਹਿਣਾ ਹੈ ਕਿ ਇਹ ਲੋਕ ਗਿਲਾਨੀ ਗੰਦਗੀ ਤੇ ਭੀੜਭੜੱਕੇ ਵਾਲੀਆਂ ਥਾਵਾਂ 'ਤੇ ਰਹਿੰਦੇ ਹਨ।

"ਸੱਸਤੇ ਤੇ ਘੱਟ ਉਜਰਤ 'ਤੇ ਕੰਮ ਕਰਨ ਨਾਲ ਸਾਡੇ ਲੋਕਾਂ ਦੀ ਰੋਟੀ ਰੋਜ਼ੀ ਨੂੰ ਖਤਰਾ ਹਨ।" ਇਹ, "ਦੀ ਵਿਕਟੋਰੀਆ ਟਰੇਡਜ਼ ਐਂਡ ਲੇਬਰ ਕੌਂਸਲ" ਦੀ, ਹਿੰਦੀਆਂ ਵਿਰੁੱਧ ਅੜਨ ਵਾਲੀ ਆਵਾਜ਼ ਸੀ। ਉਨ੍ਹਾਂ ਦਾ ਕਹਿਣਾ ਸੀ, "ਇਨ੍ਹਾਂ ਸੱਸਤੇ ਕਿਸਮ ਦੇ ਕਾਮਿਆਂ ਨੂੰ ਲਾਉਣਾ, ਉਸ ਐਹਿਮ ਕਿਸਮ ਨੂੰ ਵੰਚਿਤ ਕਰਨਾ ਹੈ ਜੋ ਮੁਲਕ ਦੀ ਤਰੱਕੀ ਤੇ ਖੁਸ਼ਹਾਲੀ ਲਈ ਲਾਜ਼ਮੀ ਹਨ।" ਦੂਜੇ ਸ਼ਬਦਾਂ ਵਿਚ, "ਗੋਰੇ ਕਾਮਿਆਂ ਨੂੰ, ਜੇਕਰ ਸਹੀ ਤੇ ਯੋਗ ਉਜਰਤ ਦਿੱਤੀ ਜਾਵੇ ਤਾਂ ਉਹ ਇੱਥੇ ਟਿਕ ਸਕਦੇ ਹਨ, ਘਰ ਚਲਾ ਸਕਦੇ ਹਨ ਤੇ ਟੱਬਰ ਬਣਾ ਸਕਦੇ ਹਨ ਅਤੇ ਭਲੀਭਾਂਤ ਇਕ ਨਾਗਰਿਕ ਦੇ ਫ਼ਰਜ਼ ਨਿਭਾ ਸਕਦੇ ਹਨ।"

ਹਿੰਦੀਆਂ ਦੀ ਆਮਦ, 'ਚਿੱਟੇ-ਬ੍ਰਿਟਿਸ਼ ਕੁਲੰਬੀਆ' ਦੀ ਹੋਂਦ ਲਈ ਵੀ ਇਕ ਡਰ ਬਣ ਗਈ ਸੀ। ਉਸ ਸਮੇਂ ਦੇ ਛਪਦੇ ਅਖ਼ਬਾਰ, "ਕੌਲੋਨਿਸਟ" ਨੇ ਕਿਹਾ ਸੀ, "ਇਹ ਤਾਂ ਚੀਨਿਆਂ ਨਾਲੋਂ ਵੀ ਵੱਖਰੀ ਕਿਸਮ ਦੇ ਹਨ। ਇਨ੍ਹਾਂ ਦੀਆਂ ਜੀਣ ਦੀਆਂ ਆਦਤਾਂ ਗੈਰ-ਤਸੱਲੀਬਖ਼ਸ਼ ਹਨ। ਇਹ ਆਪਣੀਆਂ ਪਤਨੀਆਂ ਨੂੰ ਨਾਲ ਨਹੀਂ ਲਿਆਉਂਦੇ। ਇਹ ਆਪਣੇ ਘਰ ਨਹੀਂ ਬਣਾਉਣ ਤੇ ਬਸਾਉਣਗੇ। ਇਹ, ਚਿੱਟੇ ਆਦਮੀ ਦੇ ਮੁਲਕ ਲਈ ਬਿਲਕੁਲ ਅਯੋਗ ਹਨ।... ਅਸੀਂ, ਸਿੱਖ ਦੀ ਉਸਦੇ ਘਰ (ਦੇਸ਼) ਵਿਚ ਹਰ ਤਰ੍ਹਾਂ ਦਾ ਸਤਿਕਾਰ ਕਰਦੇ ਹਾਂ ਪਰ, ਕੈਨੇਡਾ ਵਿਚ ਸਿੱਖ ਲਈ ਕੋਈ ਥਾਂ ਨਹੀਂ। ਤੇ ਇਸ ਭਲੇ ਪੁਰਸ਼ ਨੂੰ ਇੱਥੇ ਲਿਆਉਣਾ, ਉਸ ਨਾਲ ਅੱਤ ਦਰਜੇ ਦੀ ਬੇਰਿਹਮੀ ਹੋਵੇਗੀ।"

ਟੀ.ਐਲ.ਸੀ. ਵਿਕਟੋਰੀਆ ਦਾ ਸਕੱਤਰ, ਹਿੰਦੀਆਂ ਦਾ ਆਪਣੇ ਵਿਚ ਰਲਾਉਣ ਜਾਂ ਬਰਾਬਰੀ ਦੇਣ (ਆਤਮ-ਸਾਤਕਰਣ) ਦੀ ਵਿਆਖਿਆ ਇਵੇਂ ਕਰਦਾ ਹੈ-

"ਹਿੰਦੋਸਤਾਨ ਦੇ ਲੋਕਾਂ ਦਾ ਪਾਲਣ ਪੋਸਣ, ਬਾਕੀ ਏਸ਼ੀਆਈਆਂ ਵਾਂਗ, ਉਸ ਮਾਹੌਲ ਤੇ ਤਹਿਜ਼ੀਬ ਵਿਚ ਹੋਇਆ ਹੈ, ਜੋ ਅਸੂਲਨ, ਉਸ ਵਾਤਵਰਨ ਤੇ ਸੱਭਿਅਤਾ ਦੇ ਬਿਲਕੁਲ

ਉਲਟ ਹਨ ਜਿਸ ਵਿਚ ਅਸੀਂ, ਪੱਛਮੀ ਤਹਿਜ਼ੀਬ ਵਿਚ ਜੰਮੇ ਤੇ ਪਲੇ ਹਾਂ। ਅਮਲੀ ਤੌਰ 'ਤੇ, ਇਹ ਦੇਖਿਆ ਗਿਆ ਹੈ ਕਿ ਇਹ ਰਲਣ ਦੇ ਨਾ-ਕਾਬਲ ਤੇ ਅਣਇੱਛਕ ਹਨ ਉਨ੍ਹਾਂ ਪੱਛਮੀ ਨਸਲ ਦੇ ਲੋਕਾਂ ਵਿਚ, ਜਿਹੜੇ ਇੱਥੇ ਵੱਸ ਗਏ ਹਨ ਤੇ ਇਸ ਮੁਲਕ ਨੂੰ ਪ੍ਰਫੁੱਲਤ ਕੀਤਾ ਹੈ, ਜਿਨ੍ਹਾਂ ਦਾ ਇਸ ਚੌੜੀ ਤੇ ਸੁੰਦਰ ਧਰਤੀ ਦੀ ਕਿਸਮਤ ਤੇ ਭਵਿੱਖ ਦੀ ਸਾਂਭ ਸੰਭਾਲ ਤੇ ਕਬਜ਼ੇ ਦਾ ਯੋਗ ਅਧੀਕਾਰ ਬਣਦਾ ਹੈ।... ਪਰ ਇਨ੍ਹਾਂ, ਹਿੰਦੂ ਲੋਕਾਂ ਨੂੰ ਸੱਦਣਾ ਤੇ ਦਾਖ਼ਲਾ, ਉਨ੍ਹਾਂ ਦੀਆਂ ਆਸ਼ਾਵਾਂ ਦੀ ਪੂਰਤੀ ਨੂੰ ਖਤਰਾ ਤੇ ਅਸਫ਼ਲ ਬਣਾਏਗਾ।"

1906 ਵਿਚ, ਲਿਬਰਲ ਐੱਮ.ਪੀ., ਆਰ. ਜੀ. ਮੈੱਕਫਰਸਨ ਨੇ, ਏਸ਼ੀਆਈ ਆਵਾਸ ਦੀ ਵਿਰੋਧਤਾ ਦੀ ਤਾਈਦ ਕਰਦੇ ਨੇ ਤਾੜੀਆਂ ਦੀ ਗੂੰਜ ਵਿਚ ਕਿਹਾ ਸੀ-

"... ਮਨੁੱਖਾਂ ਦੀ ਇਕ ਨਸਲ, ਜੋ ਕਿ ਸਾਡੀ ਜੀਵਨ ਜਾਚ, ਪੜ੍ਹਾਈ ਦੇ ਢੰਗ ਦੀ ਪ੍ਰਸੰਸਾ ਨਹੀਂ ਕਰ ਸਕਦੀ, ਉਹ ਸਭ ਕੁਛ ਜੋ ਇਸ ਕੈਨੇਡਾ ਦੀ ਨਾਗਰਿਕਤਾ ਬਣਾਉਂਦੀ ਹੈ, ਇਸ ਮਲਕ ਲਈ ਯੋਗ ਅਵਾਸੀ ਨਹੀਂ ਹਨ।"

ਮੁਢਲੇ ਤੌਰ 'ਤੇ, ਹਿੰਦੀਆਂ ਨੇ ਮੂਲਵਾਦੀ ਚਿੱਟੇ ਵਾਸੀਆਂ ਦੇ ਕੇਂਦਰੀ ਡਰ ਨੂੰ ਛੋਹ ਲਿਆ ਸੀ ਕਿ ਇਨ੍ਹਾਂ ਦੀ ਹਾਜ਼ਰੀ, ਬ੍ਰਿਟਿਸ਼ ਕੁਲੰਬੀਆ ਦੀ ਸਮਾਜੀ ਬੁਨਿਆਦ ਵਿਚ ਇਕ ਓਪਰੀ ਘੱਟਗਿਣਤੀ ਹੋਵੇਗੀ ਤੇ ਇਹ ਸਮਜਾਤੀ ਸਮਾਜ ਬਣਾਉਣ ਵਿਚ ਵਿਘਨ ਪਾਵੇਗੀ।

ਹਿੰਦੀਆਂ ਨੇ ਹੋਰ ਆਵਾਸੀਆਂ ਦੀ ਨਿਸਬਤ, ਚਿੱਟਿਆਂ ਦੀ ਹਮਦਰਦੀ ਜਿੱਤ ਲਈ ਸੀ। ਇਨ੍ਹਾਂ ਦੇ ਨਿਯੋਜਕਾਂ ਦਾ ਇਨ੍ਹਾਂ ਬਾਰੇ ਵਿਚਾਰ ਵੰਡਵਾਂ ਸੀ। ਕੁਝ ਨਾ ਨੇ ਹਿੰਦੀਆਂ ਨੂੰ ਸਹਿਜੇ ਸਿੱਖਣ ਵਾਲੇ ਪਰ, ਸਿੱਖਣ ਬਾਅਦ, ਟਾਕਰਾ ਕਰਨ ਵਾਲੇ ਪਾਇਆ ਜਦੋਂਕਿ ਦੂਜਿਆਂ ਨੇ ਇਨ੍ਹਾਂ ਨੂੰ ਨਾ-ਤਸੱਲੀਬਖ਼ਸ਼। ਪਰ, ਕਾਮਿਆਂ ਦੀ ਵਰਤਮਾਨ ਤੰਗੀ ਕਾਰਨ ਰੱਖ ਲੈਂਦੇ ਸੀ।

"ਇਹ ਪੰਜਾਬੀ, ਸਰਕਾਰੀ ਮਾਨਤਾ ਤੇ ਰੱਖਿਆ ਦੇ ਅਧਿਕਾਰੀ ਹਨ। ਕਈ ਸੈਂਕੜੇ ਇਹ ਆਦਮੀ ਸਾਡੀ ਫੌਜ ਵਿਚ ਸਿਪਾਹੀ ਰਹੇ ਹਨ। ਜੰਗੀ ਮੈਦਾਨ ਵਿਚ ਆਪਣੀ ਸੇਵਾਵਾਂ ਦੇਣ ਦੇ ਤਮਗੇ ਪਹਿਨਦੇ ਹਨ। ਇਹ ਸਾਡੇ ਸਾਮਰਾਜ ਦੀ ਰਈਅਤ ਹਨ ਪਰ, ਬੜੀ ਮਾਤਰਾ ਵਿਚ ਇਨ੍ਹਾਂ ਨੂੰ ਨਾਗਰਿਕਤਾ ਦੇ ਹੱਕ ਤੋਂ ਵੰਚਿਤ ਰੱਖਿਆ ਗਿਆ ਹੈ।" ਹਿੰਦੀਆਂ ਦੇ ਬਹੁਤ ਸਾਰੇ ਹਮਦਰਦੀਆਂ ਨੇ ਇਨ੍ਹਾਂ ਦੇ ਪੱਖ ਵਿਚ ਬਹਿਸ ਕਰਦਿਆਂ ਕਿਹਾ।

ਕਿਤੇ ਕਿਤੇ ਸੂਬੇ ਤੋਂ ਬਾਹਰ ਪਰੌਟੈੱਸਟੈਂਟ ਚਰਚ ਤੇ ਸੋਸ਼ਲ ਰੀਫੌਰਮ ਸੰਸਥਾਵਾਂ ਨੇ ਵੀ ਹਿੰਦੀ ਅਵਾਸੀਆਂ ਦਾ ਪੱਖ ਲਿਆ ਜਦੋਂ ਹਿੰਦੀਆਂ ਦੇ ਦਾਖਲੇ 'ਤੇ ਪੂਰਨ ਰੋਕਾਂ ਲੱਗ ਗਈਆਂ ਸਨ।

ਅਸਲ ਵਿਚ, ਇੰਮੀਗ੍ਰੇਸ਼ਨ ਕਾਨੂੰਨ ਅਨੁਸਾਰ, ਹਿੰਦੀ ਇਸਤਰੀਆਂ ਤੇ ਬੱਚਿਆਂ ਦੇ ਆਉਣ 'ਤੇ ਕੋਈ ਖਾਸ ਪਾਬੰਦੀ ਨਹੀਂ ਸੀ, ਫਿਰ ਵੀ, ਔਕਸਫੋਰਡ ਦੇ ਗ੍ਰੈਜੂਏਟ, ਡਾਕਟਰ ਸੁੰਦਰ ਸਿੰਘ ਨੇ ਇਸ ਮਸਲੇ ਨੂੰ ਉਭਾਰਿਆ ਤੇ ਅੰਤਰਜਾਤੀ ਵਿਤਕਰੇ ਨੂੰ ਸਮਝਣ ਤੇ ਨਸਲੀ ਵਿਤਕਰੇ ਨੂੰ ਮਿਟਾਉਣ ਲਈ ਕੰਮ ਅਰੰਭਿਆ। ਉਸ ਦੀ ਪ੍ਰੇਰਣਾ 'ਤੇ 'ਕੈਨੇਡਾ ਇੰਡੀਆਂ ਕਮੇਟੀ' ਬਣਾਈ ਗਈ ਜਿਸ ਨੇ ਬਹੁਤ ਹੱਦ ਤਕ ਚੰਗਾ ਕੰਮ ਕੀਤਾ। ਬ੍ਰਿਟਿਸ਼ ਕੁਲੰਬੀਆਂ ਤੇ ਪੂਰਬੀ ਕੈਨੇਡਾ ਵਿਚ ਹਮਦਰਦੀ ਜਿੱਤੀ ਪਰ, ਬਹੁ ਗਿਣਤੀ, ਪੱਛਮੀ ਤੱਟ ਦੇ ਗੋਰੇ ਲੋਕ ਆਪਣੀ ਜ਼ਿਦ 'ਤੇ ਅੜੇ ਰਹੇ।

1906 ਵਿਚ, ਜਦੋਂ ਕਈ ਸੌ ਹਿੰਦੀ ਪੱਛਮੀ ਤੱਟ 'ਤੇ ਉਤਰੇ ਤਾਂ ਇਕ ਵਾਰ ਫਿਰ ਮੂਲਵਾਦੀ ਚਿੱਟੇ ਵਾਸੀਆਂ ਨੇ, ਜੋ ਕੈਨੇਡਾ ਨੂੰ ਚਿੱਟਿਆਂ ਦਾ ਦੇਸ ਰੱਖਣਾ ਚਾਹੁੰਦੇ ਸੀ, ਰੌਲਾ ਪਾਇਆ। ਸਰਕਾਰੀ ਅਫਸਰਾਂ ਨੇ ਹਿੰਦੀਆਂ ਦੇ ਅਵਾਸ ਨੂੰ ਰੋਕਣ ਲਈ ਜੋ ਕੁਝ ਕਰ ਸਕਦੇ ਸਨ ਕੀਤਾ। ਪਰ, 1907 ਵਿਚ ਏਸ਼ੀਆਈ ਅਵਾਸੀਆਂ ਦੀ ਆਮਦ ਨੇ ਨਸਲੀ ਤਣਾਉ ਪੈਦਾ ਕਰ ਦਿੱਤਾ ਤੇ ਓਟਵਾ ਵਿਚ, ਹਿੰਦੋਸਤਾਨ ਤੋਂ ਆਵਾਸ ਦਾ ਸਵਾਲ ਖੜ੍ਹਾ ਕਰ ਦਿੱਤਾ। ਭਾਵੇਂ,

ਬ੍ਰਿਟਿਸ਼ ਕੁਲੰਬੀਅਨ ਤੇ ਹਿੰਦੋਸਤਾਨੀ, ਬ੍ਰਤਾਨਵੀ ਰਈਅਤ ਸਨ, ਤਾਂ ਵੀ, ਉਨ੍ਹਾਂ ਨੇ ਹਿੰਦੀਆਂ ਦਾ ਵੈਨਕੂਵਰ ਵਿਚ ਦਾਖ਼ਲਾ ਸਵੀਕਾਰ ਨਾ ਕੀਤਾ।

ਕੈਨੇਡਾ ਤੇ ਹਿੰਦੋਸਤਾਨ, ਬ੍ਰਤਾਨਵੀ ਪਰਜਾ ਸਨ ਤੇ ਆਪਸੀ ਸਾਮਰਾਜੀ ਸੰਬੰਧਾਂ ਨੂੰ ਮਜ਼ਬੂਤ ਰੱਖਣ ਤੇ ਨਾਲੋ ਨਾਲ, ਗੜਬੜ ਨੂੰ ਰੋਕਣ ਲਈ, ਖੁੱਲ੍ਹੇ ਭੇਦ-ਭਾਵ ਨੂੰ ਰੋਕਣਾ ਜ਼ਰੂਰੀ ਸੀ। ਇਸ ਨੂੰ ਮੁੱਖ ਰੱਖ ਕੇ ਕੈਨੇਡਾ ਦੇ ਪ੍ਰਧਾਨ ਮੰਤਰੀ ਸ਼੍ਰੀ: ਲੌਰੀਏ ਨੇ ਗਵਰਨਰ ਨੂੰ ਕਿਹਾ, "ਸਪੱਸ਼ਟ ਰੂਪ ਵਿਚ, ਮੈਨੂੰ ਕੋਈ ਹੱਲ ਨਹੀਂ ਦਿਸਦਾ ਸਵਾਏ ਇਸ ਦੇ ਕਿ, ਹਿੰਦੋਸਤਾਨ ਤੋਂ ਹਿਜਰਤ ਨੂੰ ਚੁੱਪ ਚਾਪ ਰੋਕ ਦਿੱਤਾ ਜਾਵੇ।"

1908 ਵਿਚ, ਹਿੰਦੀਆਂ ਨੂੰ ਕੈਨੇਡਾ ਵਿਚ ਆਉਣ ਤੋਂ ਰੋਕਣ ਲਈ, 'ਅਟੁੱਟ ਸਫਰ' ਦਾ ਕਾਨੂੰਨ ਬਣਾਇਆ ਗਿਆ। ਇਸ ਉਪਰੰਤ, ਮਕੈਨਜ਼ੀ ਕਿੰਗ, ਕੈਨੇਡਾ ਦਾ ਪੱਖ ਦੱਸਣ ਲਈ 'ਕਲੋਨੀਅਲ, ਬਦੇਸ਼ੀ ਤੇ ਇੰਡੀਆ ਦਫ਼ਤਰ ਦੇ ਵੱਡੇ ਅਫਸਰਾਂ ਨੂੰ ਮਿਲਣ ਲਈ ਬ੍ਰਤਾਨੀਆ ਗਿਆ ਤੇ ਇਹ ਪ੍ਰੇਰਿਤ ਕੀਤਾ ਕਿ ਇਹ ਰੋਕਾਂ, ਅੱਗੇ ਨੂੰ ਆਉਣ ਵਾਲੀ ਹਲਚਲ, ਬੇਲੋੜੇ ਕਾਨੂੰਨ ਤੇ ਹਿੰਦੀਆਂ ਦੇ ਆਪਣੇ ਬਚਾਓ ਲਈ ਲਾਜ਼ਮੀ ਹਨ।
ਉਸ ਦੀ ਗੱਲ ਮੰਨ ਲਈ ਗਈ। ਹਿੰਦ ਸਰਕਾਰ ਨੇ ਕੈਨੇਡਾ ਨੂੰ ਆਵਾਸ ਰੋਕਣ ਦਾ ਵਾਅਦਾ ਕੀਤਾ ਪਰ, ਕੋਈ ਕਾਨੂੰਨ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ। ਸ਼੍ਰੀ: ਕਿੰਗ ਨੂੰ ਇਹ ਭਰੋਸਾ ਦਿੱਤਾ ਗਿਆ ਕਿ, ਨਾ ਇੰਡੀਅਨ ਤੇ ਨਾ ਹੀ ਬ੍ਰਤਾਨਵੀ ਸਰਕਾਰ ਕੈਨੇਡਾ ਦੀਆਂ ਇਨ੍ਹਾਂ ਰੋਕਾਂ ਦਾ ਕੋਈ ਖਾਸ ਧਿਆਨ ਲਵੇਗੀ। ਉਸ ਨੂੰ ਇਸ ਗੱਲ ਦਾ ਪਤਾ ਵੀ ਲੱਗਿਆ ਕਿ, ਇੰਡੀਅਨ ਕਨੂੰਨ ਤਾਂ ਪਹਿਲਾਂ ਹੀ, ਠੇਕੇ ਦੇ ਮਜ਼ਦੂਰਾਂ ਦੇ ਆਵਾਸ ਨੂੰ ਰੋਕਦਾ ਹੈ। ਇਸ ਲਈ, ਇੰਡੀਅਨ ਤੇ ਕੈਨੇਡੀਅਨ ਕਾਨੂੰਨ, ਹਿੰਦੀਆਂ ਨੂੰ ਬ੍ਰਿਟਿਸ਼ ਕੁਲੰਬੀਆ ਵਿਚ ਆਵਾਸ ਕਰਨ ਤੋਂ ਰੋਕਣ ਲਈ ਕਾਫ਼ੀ ਹਨ। ਕੈਨੇਡਾ ਦਾ ਇਹ ਨਿਯਮ, 'ਹਰ ਆਵਾਸੀ ਕੋਲ, ਉਤਰਨ ਵੇਲੇ $25 ਹੋਣੇ ਲਾਜ਼ਮੀ ਹਨ', ਸ਼੍ਰੀ: ਕਿੰਗ ਦੀ ਅੱਖ ਵਿਚ ਸਨ ਤੇ ਹਿੰਦੀਆਂ ਦੀ ਆਪਣੀ ਹਿਫ਼ਾਜ਼ਤ ਲਈ, ਲੋੜ ਪਈ ਤੋਂ ਵਧਾਏ ਵੀ ਜਾ ਸਕਦੇ ਹਨ।

1908 ਵਿਚ, ਗ੍ਰਹਿ-ਮੰਤਰੀ ਦੇ ਪ੍ਰਾਈਵੇਟ ਸਕਤੱਰ, ਜੇ. ਬੀ. ਹਾਰਕਿਨ ਨੇ ਵੈਨਕੂਵਰ ਦਾ ਦੌਰਾ ਕੀਤਾ। ਹਿੰਦੀ ਆਗੂਆਂ ਨੂੰ ਮਿਲਿਆ ਤੇ ਸਰਕਾਰੀ ਖਰਚ 'ਤੇ ਸਾਰੇ ਆਏ ਹਿੰਦੀ ਅਵਾਸੀਆਂ ਨੂੰ ਵੈਸਟ ਇੰਡੀਜ਼ ਦੇ ਬ੍ਰਤਾਨਵੀ ਟਾਪੂ ਹੰਡਿਊਰਸ ਵਿਚ ਭੇਜਣ ਲਈ ਗੱਲ ਬਾਤ ਕੀਤੀ। ਇਸ ਦੀ ਵਜ਼ਾਹਤ ਕਰਦਿਆਂ ਉਸ ਨੇ ਦੱਸਿਆ, "ਇਹ ਕਦਮ, ਹਜ਼ਾਰਾਂ ਹਿੰਦੀਆਂ ਦਾ ਵੈਨਕੂਵਰ ਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ 'ਤੇ, ਬੋਝ ਨਾ ਬਣਨ ਦੇਣ ਲਈ ਚੁੱਕੇ ਜਾ ਰਹੇ ਹਨ ਅਤੇ, ਸਾਰੇ ਹਿੰਦੋਸਤਾਨੀਆਂ ਨੂੰ ਦੇਸ ਨਿਕਾਲਾ ਦੇ ਕੇ ਵਾਪਿਸ ਨਾ ਭੇਝਣ ਦੀ ਬਜਾਏ, ਉਸ ਮੁਲਕ ਵਿਚ ਜਾਣ ਦਾ ਮੌਕਾ ਦਿੱਤਾ ਜਾ ਰਿਹਾ ਹੈ ਜੋ ਉਨ੍ਹਾਂ ਦੇ ਅਨਕੂਲ ਹੈ ਜਿੱਥੇ ਉਹ ਮੁਕਾਬਲਤਨ ਬ੍ਰਿਟਿਸ਼ ਕੁਲੰਬੀਆ ਦੇ, ਅੱਛੀ ਮਜ਼ਦੂਰੀ ਕਰ ਕੇ ਕਾਮਯਾਬ ਹੋ ਸਕਦੇ ਹਨ।"
ਉਸਦਾ ਅੰਦਾਜ਼ਾ ਸੀ ਕਿ ਕੋਈ ਹਜ਼ਾਰ ਕੁ ਦੇ ਕਰੀਬ ਹਿੰਦੋਸਤਾਨੀ ਚਲੇ ਜਾਣਗੇ ਪਰ, ਹਿੰਦੋਸਤਾਨੀ ਲੀਡਰਾਂ ਦੀ, ਅੱਖੀਂ ਦੇਖੀ ਸੱਚੀ ਤੇ ਹਕੀਕੀ ਰਿਪੋਰਟ ਸੁਣ ਕੇ ਲੋਕਾਂ ਨੇ ਇਨਕਾਰ ਕਰ ਦਿੱਤਾ ਤੇ ਇਹ ਸਕੀਮ, ਫੇਲ ਹੋ ਗਈ।
ਨੋਟ: ਇਸ ਸਕੀਮ ਨੂੰ ਰੱਦ ਕਰਵਾਉਣ ਵਿਚ ਸੰਤ ਪੂਰਨ ਸਿੰਘ ਦਾ ਬਹੁਤ ਹੱਥ ਸੀ।

ਇਸ ਸਕੀਮ ਦੀ ਪਿੱਠ ਭੂਮੀ ਤੇ ਕਾਰਨ, ਹਿੰਦੀਆਂ ਖਿਲਾਫ, ਪੱਛਮੀ ਤੱਟ ਦੇ ਲੋਕਾਂ ਦੀ ਸਖ਼ਤ ਨਸਲੀ ਨਫ਼ਰਤ ਤੇ ਵਿਰੋਧਤਾ ਦੇ ਜਜ਼ਬਾਤ ਹੀ ਸਨ। ਜਿਸ ਦਾ ਅੰਦਾਜ਼ਾ, 1911 ਵਿਚ, ਇਕ ਮਜ਼ਦੂਰ ਯੂਨੀਅਨ ਦੇ ਲੀਡਰ ਦਾ, ਵਿਕਟੋਰੀਆ ਵਿਚ ਦਿੱਤੇ ਇਸ ਬਿਆਨ ਤੋਂ ਲਾਇਆ ਜਾ ਸਕਦਾ ਹੈ- "ਇਸ ਸ਼ਹਿਰ ਦੇ ਕਾਮੇ, ਹਿੰਦੋਸਤਾਨ ਦੇ ਸਾਰੇ ਕਬੀਲਿਆਂ ਨੂੰ,

ਪੂਰਬੀ ਦੇਸ਼ਾਂ ਦੇ ਲੋਕਾਂ ਵਾਂਗ ਹੀ ਸਮਝਦੇ ਹਨ। --- ਜਿੰਨਾ ਚਿਰ, ਇਹ ਅਹਿਸਾਸ ਕਾਇਮ ਹਨ, ਉਵੇਂ ਹੀ ਨਸਲੀ ਭੜਕਾਹਟ ਵੀ।"

